


Karl Marx, Friedrich Engels, Vladimir Lenin, Joseph Stalin, Enver Hoxha

**5 Classics of Marxism**

Comintern (Stalinist-Hoxhaists)

**http://ciml.250x.com**




Georgian Section

**www.joseph-stalin.net**

**SHMG Press**

Karl Marx Press of the Georgian section of

Comintern (SH) – Stalinist-Hoxhaists Movement of Georgia

ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼

# ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ

e-Published by Georgian Section of Comintern (SH)


2014

ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼

# ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ

e-Published by Georgian Section of Comintern (SH)

2014



Karl Marx



# ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ

ਯੂਰਪ ਉਪਰ ਇਕ ਭੂਤ ਮੰਡਲਾ ਰਿਹਾ ਹੈ। ਕਮਿਊਨਿਜ਼ਮ ਦਾ ਭੂਤ । ਇਸ ਭੂਤ ਨੂੰ ਉਤਾਰਨ ਲਈ ਪੁਰਾਣੇ ਯੂਰਪ ਦੀਆਂ ਤਮਾਮ ਤਾਕਤਾਂ ਪੋਪ ਅਤੇ ਜਾਰ ਮੀਟਰਨਕ ਅਤੇ ਗੀਜ਼ੋ, ਫ਼ਰਾਂਸੀਸੀ ਰੈਡੀਕਲਅਤੇ ਜਰਮਨ ਪੁਲਿਸ ਦੇ ਜਾਸੂਸਾਂ ਨੇ ਇਕ ਪਵਿੱਤਰ ਇਤਹਾਦ ਕਰ ਲਿਆ ਹੈ। ਉਹ ਕਿਹੜੀ ਮੁਖ਼ਾਲਿਫ਼ ਪਾਰਟੀ ਹੈ ਜਿਸ ਨੂੰ ਉਸ ਦੇ ਵਿਰੋਧੀਆਂ ਨੇ ਕਮਿਊਨਿਸਟ ਕਹਿ ਕੇ ਨਾ ਭੰਡਿਆ ਹੋਵੇ? ਉਹ ਕਿਹੜੇ ਮੁਖ਼ਾਲਿਫ਼ ਹਨ ਜਿਹਨਾਂ ਨੇ ਆਪਣੇ ਨਾਲੋਂ ਜ਼ਿਆਦਾ ਤਰੱਕੀ ਪਸੰਦ ਮੁਖ਼ਾਲਿਫ਼ ਪਾਰਟੀਆਂ ਉੱਤੇ ਅਤੇ ਆਪਣੇ ਪਿੱਛਾਖੜੀ ਵਿਰੋਧੀਆਂ ਉੱਤੇ ਵੀ ਉਲਟਾ ਕਮਿਊਨਿਜ਼ਮ ਦਾ ਕਲੰਕ ਨਾ ਲਗਾਇਆ ਹੋਵੇ ? ਇਸ ਹਕੀਕਤ ਤੋਂ ਦੋ ਗੱਲਾਂ ਜ਼ਾਹਰ ਹੁੰਦੀਆਂ ਹਨ :

- ਤਮਾਮ ਯੂਰਪੀ ਤਾਕਤਾਂ ਨੇ ਕਮਿਊਨਿਜ਼ਮ ਨੂੰ ਹੁਣ ਆਪਣੇ ਆਪ ਵਿੱਚ ਇਕ ਤਾਕਤ ਤਸਲੀਮ ਕਰ ਲਿਆ ਹੈ।
- ਵਕਤ ਆ ਗਿਆ ਹੈ ਕਿ ਕਮਿਊਨਿਸਟ ਹੁਣ ਸਾਰੀ ਦੁਨੀਆ ਦੇ ਸਾਹਮਣੇ ਨੇ ਖੁਲੇਆਮ ਆਪਣੇ ਖ਼ਿਆਲਾਂ , ਮਕਸਦਾਂ ਅਤੇ ਰੁਝਾਨਾਂ ਨੂੰ ਪ੍ਰਕਾਸ਼ਿਤ ਕਰਨ ਅਤੇ ਕਮਿਊਨਿਜ਼ਮ ਦੇ ਭੂਤ ਦੀ ਇਸ ਬੱਚਿਆਂ ਵਾਲੀ ਕਹਾਣੀ ਦੇ ਜਵਾਬ ਵਿੱਚ ਖ਼ੁਦ ਅਪਣੀ ਪਾਰਟੀ ਦਾ ਮੈਨੀਫ਼ੈਸਟੋ ਪੇਸ਼ ਕਰਨ । ਇਸ ਮਕਸਦ ਲਈ ਵੱਖ ਵੱਖ ਦੇਸਾਂ ਦੇ ਕਮਿਊਨਿਸਟ ਲੰਦਨ ਵਿੱਚ ਜਮ੍ਹਾ ਹੋਏ ਅਤੇ ਹੇਠ ਲਿਖਿਆ ਮੈਨੀਫ਼ੈਸਟੋ ਤਿਆਰ ਕੀਤਾ ਜੋ ਅੰਗਰੇਜ਼ੀ ਫ਼ਰਾਂਸੀਸੀ ਜਰਮਨ ਇਤਾਲਵੀ ਫ਼ਲੈਮੀ ਅਤੇ ਡੈਨਿਸ਼ ਜ਼ਬਾਨਾਂ ਵਿੱਚ ਸ਼ਾਇਆ ਕੀਤਾ ਜਾਏਗਾ।

# 1. ਬੁਰਜ਼ੁਆ ਅਤੇ ਪਰੋਲਤਾਰੀ

[ਬੁਰਜ਼ੁਆ ਤੋਂ ਮੁਰਾਦ ਆਧੁਨਿਕ ਸਰਮਾਏਦਾਰਾਂ ਦੀ ਜਮਾਤ ਹੈ ਜੋ ਸਮਾਜੀ ਪੈਦਾਵਾਰ ਦੇ ਸਾਧਨਾਂ ਦੀ ਮਾਲਿਕ ਹੈ ਅਤੇ ਮਜ਼ਦੂਰਾਂ ਤੋਂ ਉਜਰਤ ਬਦਲੇ ਕਿਰਤ ਲੈਂਦੀ ਹੈ ।ਪਰੋਲਤਾਰੀ , ਆਧੁਨਿਕ ਜ਼ਮਾਨੇ ਦੀ ਉਜਰਤ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਜਮਾਤ ਹੈ ਜਿਸ ਕੋਲ ਅਪਣਾ ਕੋਈ ਪੈਦਾਵਾਰ ਦਾ ਜ਼ਰੀਆ ਨਹੀਂ ਅਤੇ ਜਿਸ ਨੂੰ ਜ਼ਿੰਦਾ ਰਹਿਣ ਦੇ ਲਈ ਅਪਣੀ ਮਿਹਨਤ ਸ਼ਕਤ ਵੇਚਣੀ ਪੈਂਦੀ ਹੈ। ੧੮੮੮ ਦੇ ਅੰਗਰੇਜ਼ੀ ਐਡੀਸ਼ਨ ਵਿੱਚ ਏਂਗਲਜ਼ਦਾ ਹਾਸ਼ੀਆ।]

ਅੱਜ ਤੱਕ ਤਮਾਮ ਸਮਾਜਾਂ ਦੀ ਤਾਰੀਖ਼ ਜਮਾਤੀ ਜਦੋਜਹਿਦ ਦੀ ਤਾਰੀਖ਼ ਹੈ। [ਯਾਨੀ ਉਹ ਤਮਾਮ ਤਾਰੀਖ਼ ਜੋ ਕਲਮਬੰਦ ਹੋ ਚੁੱਕੀ ਹੈ । ੧੮੪੭ ਵਿੱਚ ਤਾਰੀਖ਼ ਦੇ ਕਲਮਬੰਦ ਹੋਣ ਤੋਂ ਪਹਿਲਾਂ ਦੀ ਸਮਾਜੀ ਤਨਜ਼ੀਮ ਕਿਸੇ ਨੂੰ ਮਾਅਲੂਮ ਨਹੀਂ ਸੀ । ਲੇਕਿਨ ਬਾਅਦ ਨੂੰ ਆਗਸਤ ਵਾਨ ਹਿਕਸਸੀ ਸਨ ਨੇ ਰੂਸ ਵਿੱਚ ਜ਼ਮੀਨ ਦੀ ਸਾਂਝੀ ਮਲਕੀਅਤ ਦਾ ਪਤਾ ਲਗਾਇਆ । ਫਿਰ ਜਾਰਜ ਲੁਡਵਿਗ ਵਾਨ ਮੌਰੇਰ ਨੇ ਸਾਬਤ ਕੀਤਾ ਕਿ ਤਮਾਮ ਕਦੀਮ ਜਰਮਾਨਵੀ ਨਸਲਾਂ ਨੇ ਜਦੋਂ ਤਾਰੀਖ਼ ਦੀ ਦਹਿਲੀਜ਼ ਤੇ ਕਦਮ ਰੱਖਿਆ ਸੀ ਤਾਂ ਉਸ ਵਕਤ ਉਹਨਾਂ ਦੀ ਸਮਾਜਿਕ ਬੁਨਿਆਦ ਇਸ ਸਾਂਝੀ ਮਲਕੀਅਤ ਉਪਰ ਹੀ ਸੀ, ਅਤੇ ਹੌਲੀ ਹੌਲੀ ਪਤਾ ਚਲਿਆ ਕਿ ਹਿੰਦੁਸਤਾਨ ਤੋਂ ਆਇਰਲੈਂਡ ਤੱਕ ਹਰ ਜਗ੍ਹਾ ਸਮਾਜ ਪੇਂਡੂ ਬਰਾਦਰੀਆਂ ਦੀ ਸ਼ਕਲ ਵਿੱਚ ਮੁਨਜ਼ਮ ਸੀ ਜਾਂ ਇਸ ਸ਼ਕਲ ਵਿੱਚ ਰਿਹਾ ਹੈ। ਅਤੇ ਮਾਰਗਨ ਨੇ ਜਦੋਂ ਕੁਨਬੇ ਦੀ ਅਸਲੀ ਪ੍ਰਕ੍ਰਿਤੀ ਅਤੇ ਕਬੀਲੇ ਨਾਲ ਉਸ ਦੇ ਤਾਅਲੁੱਕ ਦਾ ਹਾਲ ਮਾਅਲੂਮ ਕਰ ਲਿਆ ਤਾਂ ਇਸ ਕਦੀਮ ਕਮਿਊਨਿਸਟ ਸਮਾਜ ਦੀ ਅੰਦਰੂਨੀ ਤਨਜ਼ੀਮ ਆਪਣੀ ਮਖ਼ਸੂਸ ਸ਼ਕਲ ਵਿੱਚ ਹਨੇਰੇ ਤੋਂ ਉਜਾਲੇ ਵਿੱਚ ਆ ਗਈ । ਇਹ ਦਰਿਆਫ਼ਤ ਹੀ ਮਾਰਗਨ ਦਾ ਸਭ ਤੋਂ ਬੜਾ ਕਾਰਨਾਮਾ ਹੈ। ਇਹਨਾਂ ਕਦੀਮ ਬਰਾਦਰੀਆਂ ਦੇ ਤਿੱਤਰ ਬਿੱਤਰ ਹੋਣ ਤੋਂ ਬਾਅਦ ਸਮਾਜ ਅਲੱਗ ਅਲੱਗ ਅਤੇ ਆਖ਼ਿਰਕਾਰ ਮੁਖ਼ਾਲਿਫ਼ ਜਮਾਤਾਂ ਵਿੱਚ ਵਖਰਿਆਉਣਾ ਸ਼ੁਰੂ ਹੋ ਗਿਆ।[ ਮੈਂ ਅਪਣੀ ਕਿਤਾਬ (ਦੇਖੀਏ : ਫ਼੍ਰੈਡ੍ਰਿਕ ਏਂਗਲਜ਼- ਟੱਬਰ ਨਿਜੀ ਮਲਕੀਅਤ ਅਤੇ ਰਿਆਸਤ ਦਾ ਆਰੰਭ " ਦੂਸਰੀ ਐਡੀਸ਼ਨ ਸ਼ਟੁਟਗਾਰਟ੧੮੮੬ ) ਵਿੱਚ ਉਸ ਇੰਤਸ਼ਾਰ ਦਾ ਨਕਸ਼ਾ ਖਿਚਣ ਦੀ ਕੋਸ਼ਿਸ਼ ਕੀਤੀ ਹੈ। ੧੮੮੮ ਦੇ ਅੰਗਰੇਜ਼ੀ ਐਡੀਸ਼ਨ ਵਿੱਚ ਏਂਗਲਜ਼ ਦਾ ਹਾਸ਼ੀਆ ।]

ਆਜ਼ਾਦ ਅਤੇ ਗ਼ੁਲਾਮ , ਪਤਰੀਸ਼ੀਅਨ ਅਤੇ ਪਲੇਬੀਅਨ , ਜਾਗੀਰਦਾਰ ਅਤੇ ਜ਼ਰੱਈ ਗ਼ੁਲਾਮ , ਉਸਤਾਦ [ਉਸਤਾਦ ਯਾਨੀ ਗਿਲਡ ਮਾਸਟਰ, ਗਿਲਡ ਦੇ ਪੂਰੇ ਮੈਂਬਰ ਹੁੰਦੇ ਸਨ। ਉਹ ਪੂਰੀ ਜਥੇਬੰਦੀ ਦੇ ਸਰਦਾਰ ਨਹੀਂ ਬਲਕਿ ਇਸ ਦੇ ਅੰਦਰ ਮਾਲਕ ਦੀ ਹੈਸੀਅਤ ਰਖਦੇ ਸਨ ।੧੮੮੮ ਕੇ ਅੰਗਰੇਜ਼ੀ ਐਡੀਸ਼ਨ ਵਿੱਚ ਏਂਗਲਜ਼ ਦਾ ਹਾਸ਼ੀਆ ।] ਅਤੇ ਕਾਰੀਗਰ ,ਇੱਕ ਸ਼ਬਦ ਵਿੱਚ ਜ਼ਾਲਮ ਅਤੇ ਮਜ਼ਲੂਮ ਬਰਾਬਰ ਇਕ ਦੂਸਰੇ ਦੇ ਖ਼ਿਲਾਫ਼ ਖੜੇ ਰਹੇ, ਕਦੇ ਖੁੱਲੇ ਆਮ ਅਤੇ ਕਦੇ ਪਰਦੇ ਪਿੱਛੇ ਹਮੇਸ਼ਾ ਇੱਕ ਦੂਸਰੇ ਨਾਲ ਲੜਦੇ ਰਹੇ । ਅਤੇ ਹਰ ਬਾਰ ਉਸ ਲੜਾਈ ਦਾ ਅੰਜਾਮ ਇਹ ਹੋਇਆ ਕਿ ਜਾਂ ਤਾਂ ਨਵੇਂ ਸਿਰਿਓਂ ਸਮਾਜ ਦੀ ਇਨਕਲਾਬੀ ਤਾਮੀਰ ਹੋਈ ਜਾਂ ਲੜਨ ਵਾਲੇ ਤਬਕੇ ਇੱਕਠੇ ਤਬਾਹ ਹੋ ਗਏ। ਤਾਰੀਖ਼ ਦੇ ਆਰੰਭਕ ਜ਼ਮਾਨੇ ਵਿੱਚ ਤਕਰੀਬਨ ਹਰ ਜਗ੍ਹਾ ਅਸੀਂ ਸਮਾਜ ਨੂੰ ਵੱਖ ਵੱਖ ਪਰਤਾਂ ਵਿੱਚ ਦਰਜਾਬੰਦ

ਹੋਇਆ ਪਾਉਂਦੇ ਹਾਂ। ਵੱਖ ਵੱਖ ਸਮਾਜੀ ਰੁਤਬਿਆਂ ਦਾ ਇਕ ਪੂਰਾ ਦ੍ਰਿਸ਼ ਮਿਲਦਾ ਹੈ। ਕਦੀਮ ਰੂਮ ਵਿੱਚ ਸਾਨੂੰ ਪਤਰੀਸ਼ੀਅਨ , ਨਾਈਟ , ਪਲੇਬੀਅਨ , ਅਤੇ ਗ਼ੁਲਾਮ ਮਿਲਦੇ ਹਨ ਅਤੇ ਮਧਕਾਲ ਵਿੱਚ ਜਾਗੀਰਦਾਰ, ਮੁਖਤਾਰ , ਉਸਤਾਦ, ਕਾਰੀਗਰ, ਨੌਸਿਖੀਏ ,ਸ਼ਾਗਿਰਦ ਅਤੇ ਜ਼ਰੱਈ ਗ਼ੁਲਾਮ । ਅਤੇ ਤਕਰੀਬਨ ਇਹਨਾਂ ਤਮਾਮ ਜਮਾਤਾਂ ਵਿੱਚ ਅੱਗੇ ਹੋਰ ਉਪਵੰਡਾਂ ਹੋਈਆਂ ਹੁੰਦੀਆਂ ਹਨ ।

ਆਧੁਨਿਕ ਬੁਰਜ਼ੁਆ ਸਮਾਜ ਨੇ, ਜੋ ਕਿ ਜਾਗੀਰਦਾਰੀ ਸਮਾਜ ਦੇ ਖੰਡਰਾਂ ਤੋਂ ਉਭਰਿਆ ਹੈ, ਜਮਾਤੀ ਵਖਰੇਵਿਆਂ ਨੂੰ ਦੂਰ ਨਹੀਂ ਕੀਤਾ । ਇਸ ਨੇ ਤਾਂ ਮਹਿਜ਼ ਪੁਰਾਣਿਆਂ ਦੀ ਜਗ੍ਹਾ ਨਵੀਂਆਂ ਜਮਾਤਾਂ , ਜ਼ੁਲਮ ਦੀਆਂ ਨਵੀਂਆਂ ਹਾਲਤਾਂ ਅਤੇ ਜਦੋਜਹਿਦ ਦੀਆਂ ਨਵੀਂਆਂ ਸ਼ਕਲਾਂ ਪੈਦਾ ਕਰ ਦਿੱਤੀਆਂ ਹਨ। ਫਿਰ ਵੀ ਸਾਡਾ ਦੌਰ ਜੋ ਬੁਰਜ਼ੁਆ ਜਮਾਤ ਦਾ ਦੌਰ ਹੈ, ਇਕ ਅੱਡਰੀ ਸਿਫ਼ਤ ਰਖਦਾ ਹੈ। ਇਸ ਨੇ ਜਮਾਤੀ ਵਖਰੇਵਿਆਂ ਦੀ ਪੇਚੀਦਗੀ ਨੂੰ ਘੱਟ ਕਰ ਦਿਤਾ ਹੈ। ਸਮਾਜ ਸਮੁਚੇ ਤੌਰ ਤੇ ਦਿਨ ਬਦਿਨ ਦੋ ਬੜੇ ਮੁਖ਼ਾਲਿਫ਼ ਧੜਿਆਂ ਵਿੱਚ , ਦੋ ਬੜੀਆਂ ਜਮਾਤਾਂ - ਬੁਰਜ਼ੁਆ ਅਤੇ ਪਰੋਲਤਾਰੀ - ਵਿੱਚ ਵੰਡਦਾ ਜਾ ਰਿਹਾ ਹੈ ਜੋ ਇਕ ਦੂਸਰੇ ਕੇ ਖ਼ਿਲਾਫ਼ ਕਤਾਰਬੰਦ ਹਨ ।

ਜ਼ਰੱਈ ਗ਼ੁਲਾਮਾ ਤੋਂ ਸ਼ਹਿਰਾਂ ਦੇ ਮੁਢਲੇ ਹੱਕ ਯਾਫ਼ਤਾ ਸ਼ਹਿਰੀ ਪੈਦਾ ਹੋਏ ਸਨ । ਇਹਨਾਂ ਸ਼ਹਿਰੀਆਂ ਤੋਂ ਹੀ ਬੁਰਜ਼ੁਆ ਜਮਾਤ ਦੇ ਮੁਢਲੇ ਅੰਸ਼ਾਂ ਦਾ ਵਿਕਾਸ ਹੋਇਆ। ਅਮਰੀਕਾ ਦੀ ਦਰਿਆਫ਼ਤ(ਲਭਤ) ਅਤੇ ਅਫ਼ਰੀਕਾ ਦੇ ਗਿਰਦ ਜਹਾਜ਼ਰਾਨੀ ਸ਼ੁਰੂ ਹੋਣ ਕਾਰਨ ਉਭਰਦੇ ਹੋਏ ਬੁਰਜ਼ੁਆ ਤਬਕੇ ਦੇ ਲਈ ਨਵੇਂ ਰਾਹ ਖੁੱਲ ਗਏ । ਈਸਟ ਇੰਡੀਆ ਅਤੇ ਚੀਨ ਦੀਆਂ ਮੰਡੀਆਂ, ਅਮਰੀਕਾ ਦਾ ਬਸਤੀਕਰਨ , ਬਸਤੀਆਂ ਨਾਲ ਤਜਾਰਤ , ਵਟਾਂਦਰੇ ਦੇ ਸਾਧਨਾਂ ਦੇ ਅਤੇ ਆਮ ਤੌਰ ਜਿਨਸਾਂ ਦੇ ਵਾਧੇ ਨੇ ਤਜਾਰਤ, ਜਹਾਜ਼ਰਾਨੀ ਅਤੇ ਸਨਅਤ ਨੂੰ ਐਸੀ ਤਰਗ਼ੀਬ (ਤੇਜੀ) ਦਿੱਤੀ ਜੋ ਕਿ ਇਸ ਤੋਂ ਪਹਿਲੇ ਕਦੇ ਦੇਖਣ ਵਿੱਚ ਨਹੀਂ ਸੀ ਆਈ। ਅਤੇ ਉਸ ਦੀ ਵਜ੍ਹਾ ਨਾਲ ਢਹਿ ਰਹੇ ਜਾਗੀਰਦਾਰ ਸਮਾਜ ਵਿੱਚ ਇਨਕਲਾਬੀ ਅੰਸ਼ਾਂ ਨੂੰ ਤੇਜ਼ੀ ਨਾਲ ਵਧਣ ਦਾ ਮੌਕਾ ਮਿਲਿਆ ।

ਸਨਅਤ ਦੀ ਜਾਗੀਰਦਾਰੀ ਪ੍ਰਣਾਲੀ ਜਿਸ ਵਿੱਚ ਉਤਪਾਦਨ ਉਪਰ ਗਿਲਡਾਂ ਦੀ ਇਜਾਰੇਦਾਰੀ ਸੀ , ਹੁਣ ਨਵੀਆਂ ਮੰਡੀਆਂ ਦੀਆਂ ਵਧਦੀਆਂ ਹੋਈਆਂ ਮੰਗਾਂ ਲਈ ਨਾਕਾਫ਼ੀ ਹੋ ਗਈ ਸੀ । ਕਾਰਖ਼ਾਨੇਦਾਰੀ ਨਿਜ਼ਾਮ ਨੇ ਇਸ ਦੀ ਜਗ੍ਹਾ ਲੈ ਲਈ। ਉਸਤਾਦ ਨੂੰ ਦਰਮਿਆਨੀ ਕਾਰਖ਼ਾਨੇਦਾਰ ਪਰਤ ਨੇ ਬਾਹਰ ਕਢ ਦਿੱਤੀ । ਹਰ ਕਾਰਖ਼ਾਨੇ ਦੀ ਅੰਦਰੂਨੀ ਕਿਰਤ ਵੰਡ ਨਾਲ ਮੁਕਾਬਲੇ ਦੌਰਾਨ ਵੱਖ ਵੱਖ ਕਾਰਪੋਰੇਟ ਗਿਲਡਾਂ ਵਿੱਚਕਾਰ ਕਿਰਤ ਦੀ ਵੰਡ ਖ਼ਤਮ ਹੋ ਗਈ ।

ਇਸ ਸਮੇਂ ਦੌਰਾਨ ਮੰਡੀਆਂ ਬਰਾਬਰ ਫੈਲਦੀਆਂ ਰਹੀਆਂ । ਮੰਗ ਬਰਾਬਰ ਵਧਦੀ ਰਹੀ, ਇਥੋਂ ਤਕ ਕਿ ਕਾਰਖ਼ਾਨੇਦਾਰੀ ਵੀ ਹੁਣ ਕਾਫ਼ੀ ਨਾ ਰਹੀ । ਤਾਂ ਫਿਰ ਭਾਫ ਅਤੇ ਮਸ਼ੀਨਰੀ ਨੇ ਸਨਅਤੀ ਪੈਦਾਵਾਰ ਵਿੱਚ ਇਨਕਲਾਬ ਲੈ ਆਂਦਾ । ਕਾਰਖ਼ਾਨੇਦਾਰੀ ਦੀ ਜਗ੍ਹਾ ਦਿਓ ਕੱਦ ਆਧੁਨਿਕ ਸਨਅਤ ਨੇ ਅਤੇ ਦਰਮਿਆਨੀ ਕਾਰਖ਼ਾਨੇਦਾਰ ਪਰਤ ਕੀ ਜਗ੍ਹਾ ਸਨਅਤੀ ਕਰੋੜਪਤੀਆਂ ਨੇ ਸਮੁਚੀਆਂ ਸਨਅਤੀ ਫ਼ੌਜਾਂ ਦੇ ਲੀਡਰਾਂ ਨੇ , ਆਧੁਨਿਕ ਬੁਰਜ਼ੁਆ ਜਮਾਤ ਨੇ ਲੈ ਲਈ ।

ਆਧੁਨਿਕ ਸਨਅਤ ਨੇ ਆਲਮਗੀਰ ਮੰਡੀ ਕਾਇਮ ਕੀਤੀ , ਜਿਸ ਲਈ ਅਮਰੀਕਾ ਦੀ ਦਰਿਆਫ਼ਤ ਨਾਲ ਰਾਹ ਖੁੱਲ ਚੁੱਕਿਆ ਸੀ। ਇਸ ਮੰਡੀ ਨੇ ਤਜਾਰਤ , ਜਹਾਜ਼ਰਾਨੀ ਅਤੇ ਥਲ ਰਾਹੀਂ ਸੰਚਾਰ ਨੂੰ ਜ਼ਬਰਦਸਤ ਤਰੱਕੀ ਦਿੱਤੀ । ਇਸ ਤਰੱਕੀ ਨਾਲ ਸਨਅਤ ਦੇ ਵਿਸਤਾਰ ਵਿੱਚ ਹੋਰ ਮਦਦ ਮਿਲੀ। ਅਤੇ

ਜਿਵੇਂ ਜਿਵੇਂ ਸਨਅਤ, ਤਜਾਰਤ , ਜਹਾਜ਼ਰਾਨੀ ਅਤੇ ਰੇਲਾਂ ਦਾ ਵਿਸਤਾਰ ਹੋਇਆ , ਉਸੇ ਅਨੁਪਾਤ ਨਾਲ ਬੁਰਜ਼ੁਆ ਤਬਕੇ ਦੀ ਤਰੱਕੀ ਹੋਈ। ਇਸ ਨੇ ਅਪਣਾ ਸਰਮਾਇਆ ਵਧਾਇਆ ਅਤੇ ਹਰ ਉਸ ਤਬਕੇ ਨੂੰ ਧਕ ਕੇ ਪਿੱਛੇ ਕਰ ਦਿਤਾ ਜੋ ਮਧਕਾਲ ਤੋਂ ਚਲਿਆ ਆ ਰਿਹਾ ਸੀ । ਇਸ ਤਰਾਂ ਅਸੀਂ ਦੇਖਦੇ ਹਾਂ ਕਿ ਖ਼ੁਦ ਆਧੁਨਿਕ ਬੁਰਜ਼ੁਆ ਜਮਾਤ ਵਿਕਾਸ ਦੇ ਇਕ ਲੰਮੇ ਸਿਲਸਿਲੇ ਦਾ , ਪੈਦਾਵਾਰ ਅਤੇ ਵਟਾਂਦਰੇ ਦੇ ਤਰੀਕਿਆਂ ਵਿੱਚ ਨਿਰੰਤਰ ਕਈ ਇਨਕਲਾਬਾਂ ਦਾ ਨਤੀਜਾ ਹੈ।

ਬੁਰਜ਼ੁਆ ਤਬਕੇ ਨੇ ਆਪਣੇ ਵਿਕਾਸ ਦੌਰਾਨ ਜੋ ਕਦਮ ਵੀ ਉਠਾਇਆ , ਉਸ ਦੇ ਨਾਲ ਨਾਲ ਉਸੇ ਅਨੁਪਾਤ ਨਾਲ ਇਸ ਤਬਕੇ ਕੀ ਸਿਆਸੀ ਤਰੱਕੀ ਵੀ ਹੋਈ । ਜਾਗੀਰਦਾਰ ਦੀ ਹਕੂਮਤ ਵਿੱਚ ਇਹ ਇਕ ਮਜ਼ਲੂਮ ਜਮਾਤ ਸੀ , ਮਧਕਾਲੀ ਕਮਿਊਨ ਵਿੱਚ ਇੱਕ ਹਥਿਆਰਬੰਦ ਅਤੇ ਸਵੈ ਸੰਚਾਲਿਤ ਐਸੋਸੀਏਸਨ ਸੀ [ " ਕਮਿਊਨ" ਫ਼ਰਾਂਸ ਵਿੱਚ ਮੁਢਲੇ ਕਸਬਾਤੀ ਸ਼ਹਿਰਾਂ ਦਾ ਨਾਮ ਉਸ ਵਕਤ ਤੋਂ ਚਲਿਆ ਆਉਂਦਾ ਹੈ ਜਦੋਂ ਉਹਨਾ ਨੇ ਆਪਣੇ ਜਾਗੀਰਦਾਰ ਹਾਕਮਾਂ ਨਾਲ ਲੜ ਕੇ ਮੁਕਾਮੀ ਖ਼ੁਦ ਇੰਤਜ਼ਾਮੀ ਅਤੇ ਤੀਸਰੇ ਤਬਕੇ ਦੀ ਹੈਸੀਅਤ ਤੋਂ ਆਪਣੇ ਸਿਆਸੀ ਹੱਕ ਵੀ ਹਾਸਲ ਨਹੀਂ ਕੀਤੇ ਸਨ । ਇਸ ਕਿਤਾਬ ਵਿੱਚ ਆਮ ਤੌਰ ਤੇ ਬੁਰਜ਼ੁਆ ਤਬਕੇ ਦੇ ਆਰਥਿਕ ਵਿਕਾਸ ਦਾ ਜ਼ਿਕਰ ਕਰਦੇ ਹੋਏ ਇੰਗਲੈਂਡ ਨੂੰ ਅਤੇ ਸਿਆਸੀ ਵਿਕਾਸ ਦਾ ਜ਼ਿਕਰ ਕਰਦੇ ਹੋਏ ਫ਼ਰਾਂਸ ਨੂੰ ਪੇਸ਼ ਨਜ਼ਰ ਰਖਿਆ ਗਿਆ ਹੈ। ੧੮੮੮ ਦੇ ਅੰਗਰੇਜ਼ੀ ਐਡੀਸ਼ਨ ਵਿੱਚ ਏਂਗਲਜ਼ ਦਾ ਹਾਸ਼ੀਆ । ਇਟਲੀ ਅਤੇ ਫ਼ਰਾਂਸ ਦੇ ਸ਼ਹਿਰੀ ਬਾਸ਼ਿੰਦਿਆਂ ਨੇ ਅਪਣੀਆਂ ਸ਼ਹਿਰੀ ਬਰਾਦਰੀਆਂ ਨੂੰ ਇਹ ਨਾਮ ਉਸ ਵਕਤ ਦੇ ਦਿੱਤਾ ਜਦ ਉਹਨਾਂ ਨੇ ਆਪਣੇ ਜਾਗੀਰਦਾਰ ਮਾਲਕਾਂ ਤੋਂ ਖ਼ੁਦ ਹਕੂਮਤੀ ਦੇ ਮੁਢਲੇ ਹੱਕ ਖ਼ਰੀਦੇ ਜਾਂ ਜ਼ਬਰਦਸਤੀ ਹਾਸਲ ਕੀਤੇ । ੧੮੯੦ ਦੇ ਜਰਮਨ ਐਡੀਸ਼ਨ ਵਿੱਚ ਏਂਗਲਜ਼ ਦਾ ਹਾਸ਼ੀਆ ।] ਕਿਤੇ ਆਜ਼ਾਦ ਸ਼ਹਿਰੀ ਗਣਰਾਜ ਜਿਵੇਂ ਇਟਲੀ ਅਤੇ ਜਰਮਨੀ ਵਿੱਚ ਅਤੇ ਕਿਤੇ ਬਾਦਸ਼ਾਹੀ ਹਕੂਮਤ ਵਿੱਚ ਮਹਿਸੂਲ ਗੁਜ਼ਾਰ " ਤੀਸਰੀ ਜਮਾਤ" (ਜਿਵੇਂ ਫ਼ਰਾਂਸ ਵਿੱਚ ) । ਬਾਅਦ ਵਿੱਚ ਅਸਲ ਕਾਰਖ਼ਾਨੇਦਾਰੀ ਦੇ ਜ਼ਮਾਨੇ ਵਿੱਚ ਇਸ ਨੇ ਕੁਲੀਨ ਵਰਗ ਦੇ ਖ਼ਿਲਾਫ਼ ਅਰਧ ਜਾਗੀਰਦਾਰੀ ਜਾਂ ਖ਼ੁਦ ਮੁਖ਼ਤਾਰ ਸ਼ਾਹੀ ਹਕੂਮਤ ਦਾ ਪਲੜਾ ਭਾਰੀ ਕੀਤਾ ਅਤੇ ਹਕੀਕਤ ਵਿੱਚ ਆਮ ਤੌਰ ਤੇ ਵਡੀਆਂ ਬਾਦਸ਼ਾਹਤਾਂ ਦਾ ਸੰਗ-ਬੁਨਿਆਦ ਬਣਿਆ । ਇਸ ਬੁਰਜ਼ੁਆ ਤਬਕੇ ਨੇ ਆਖਰ ਵੱਡੀ ਸਨਅਤ ਅਤੇ ਆਲਮਗੀਰ ਮੰਡੀ ਕਾਇਮ ਹੋ ਜਾਣ ਤੋਂ ਬਾਅਦ ਆਧੁਨਿਕ ਨੁਮਾਇੰਦਾ ਰਿਆਸਤ ਵਿੱਚ ਆਪਣੇ ਵਾਸਤੇ ਨਿਰੋਲ ਸਿਆਸੀ ਅਧਿਕਾਰ ਹਾਸਲ ਕਰ ਲਿਆ। ਆਧੁਨਿਕ ਰਿਆਸਤ ਦੀ ਕਾਰਜਕਰਨੀ ਮਹਿਜ਼ ਇਕ ਕਮੇਟੀ ਹੈ ਜੋ ਪੂਰੇ ਬੁਰਜ਼ੁਆ ਤਬਕੇ ਦੇ ਸਾਂਝੇ ਮਾਮਲਿਆਂ ਦੀ ਦੇਖ ਭਾਲ ਕਰਦੀ ਹੈ ।

ਬੁਰਜ਼ੁਆ ਤਬਕੇ ਨੇ ਤਾਰੀਖ਼ੀ ਇਤਬਾਰ ਸੇ ਨਿਹਾਇਤ ਇਨਕਲਾਬੀ ਖ਼ਿਦਮਤ ਅੰਜਾਮ ਤਾ ਹੈ।

ਬੁਰਜ਼ੁਆ ਤਬਕੇ ਦਾ ਜਿਥੇ ਕਿਤੇ ਗ਼ਲਬਾ ਹੋਇਆ , ਇਸ ਨੇ ਤਮਾਮ ਜਾਗੀਰੂ , ਪਿਤਰੀ ਖਾਨਦਾਨੀ ਅਤੇ ਦਿਹਾਤੀ ਰੋਮਾਂਟਿਕ ਸੰਬੰਧਾਂ ਦਾ ਖ਼ਾਤਮਾ ਕਰ ਦਿੱਤਾ। ਇਸਨੇ ਬੇ ਦਰਦੀ ਨਾਲ ਇਹਨਾਂ ਜਟਿਲ ਜਾਗੀਰਦਾਰੀ ਬੰਧਨਾਂ ਨੂੰ ਤੋੜ ਦਿੱਤੇ ਜੋ ਇਨਸਾਨ ਨੂੰ ਉਸ ਦੇ "ਕੁਦਰਤੀ ਉੱਚਿਆਂ" ਦੇ ਅਧੀਨ ਨੂੜੀ ਰਖਦੇ ਸਨ ਅਤੇ ਖ਼ਾਲਸ ਖ਼ੁਦਗ਼ਰਜ਼ੀ ਅਤੇ ਬੇਕਿਰਕ ਨਕਦ ਲੈਣ ਦੇਣ ਦੇ ਸਿਵਾ ਆਦਮੀ ਆਦਮੀ ਵਿਚਕਾਰ ਹੋਰ ਕੋਈ ਰਿਸ਼ਤਾ ਬਾਕੀ ਨਹੀਂ ਰਹਿਣ ਦਿੱਤਾ । ਇਸ ਨੇ ਪਵਿੱਤਰ ਮਜ਼ਹਬੀ ਵਲਵਲੇ, ਬਹਾਦਰਾਨਾ ਜੋਸ਼ੋ ਖਰੋਸ਼ ਅਤੇ ਪੈਟੀ ਬੁਰਜ਼ੁਆ ਜਜ਼ਬਾਤ ਪ੍ਰਸਤੀ ਦੇ ਕੁੱਲ ਵਿਸਮਾਦ ਨੂੰ ਹਿਰਸ ਅਤੇ ਖ਼ੁਦਗ਼ਰਜ਼ੀ ਦੇ ਸਰਦ ਪਾਣੀ ਵਿੱਚ ਡੁਬੋ ਦਿੱਤਾ । ਇਸ ਨੇ ਜ਼ਾਤੀ ਜੌਹਰ ਨੂੰ ਆਨੇ ਪਾਈ ਵਿੱਚ ਬਦਲ ਦਿੱਤਾ

। ਅਤੇ ਬੇ ਸ਼ੁਮਾਰ ਨਾਕਾਬਲ ਜ਼ਬਤ ਸਨਦ ਯਾਫ਼ਤਾ ਆਜ਼ਾਦੀਆਂ ਦੀ ਜਗ੍ਹਾ ਰਿਆ ਅਤੇ ਮਕਰ ਨਾਲ ਭਰੀ ਵਾਹਦ ਆਜ਼ਾਦੀ ਕਾਇਮ ਕੀਤੀ ਹੈ ਅਤੇ ਉਹ ਹੈ ਤਜਾਰਤ ਦੀ ਆਜ਼ਾਦੀ । ਮੁਖ਼ਤਸਰ ਇਹ ਕਿ ਇਸ ਨੇ ਮਜ਼ਹਬ ਅਤੇ ਸਿਆਸਤ ਦੇ ਪਰਦਿਆਂ ਨਾਲ ਢਕੀ ਹੋਈ ਲੁੱਟ ਖਸੁੱਟ ਦੀ ਜਗ੍ਹਾ ਨੰਗੀ , ਬੇਹਯਾ , ਪ੍ਰਤਖ , ਵਹਿਸ਼ੀਆਨਾ ਲੁੱਟ ਖਸੁੱਟ ਰਾਇਜ ਕਰ ਦਿੱਤੀ ਹੈ।

ਬੁਰਜ਼ੁਆ ਤਬਕੇ ਨੇ ਹਰ ਉਸ ਪੇਸ਼ੇ ਦੀ ਅਜ਼ਮਤ ਖੋਹ ਲਈ ਜਿਸ ਦੀ ਹੁਣ ਤੱਕ ਇੱਜ਼ਤ ਹੁੰਦੀ ਆਈ ਸੀ ਅਤੇ ਜਿਸ ਦੀ ਧਾਂਕ ਬੈਠੀ ਹੋਈ ਸੀ ।ਇਸ ਨੇ ਡਾਕਟਰ , ਵਕੀਲ , ਪੁਜਾਰੀ , ਸ਼ਾਇਰ , ਸਾਇੰਸ਼ਦਾਨ ਸਭ ਨੂੰ ਆਪਣੇ ਤਨਖ਼ਾਹਦਾਰ, ਉਜਰਤ ਤੇ ਕੰਮ ਕਰਨ ਵਾਲੇ ਮਜ਼ਦੂਰ ਬਣਾ ਦਿੱਤਾ ਹੈ। ਬੁਰਜ਼ੁਆ ਤਬਕੇ ਨੇ ਖ਼ਾਨਦਾਨੀ ਰਿਸ਼ਤਿਆਂ ਦਾ ਜਜ਼ਬਾਤੀ ਨਕਾਬ ਚਾਕ ਕਰ ਦਿੱਤਾ ਹੈ ਅਤੇ ਇਹਨਾਂ ਨੂੰ ਮਹਿਜ਼ ਰੁਪਏ ਆਨੇ ਪਾਈ ਦੇ ਰਿਸ਼ਤੇ ਬਣਾ ਕੇ ਰੱਖ ਦਿੱਤਾ ਹੈ ।

ਬੁਰਜ਼ੁਆ ਤਬਕੇ ਨੇ ਇਹ ਰਾਜ਼ ਫ਼ਾਸ਼ ਕਰ ਦਿੱਤਾ ਕਿ ਮਧਕਾਲ ਵਿੱਚ ਕਿਵੇਂ ਬਲ ਦੀ ਵਹਿਸ਼ੀਆਨਾ ਨੁਮਾਇਸ਼ ਦਾ , ਜਿਸ ਦੇ ਰਜਅਤ ਪ੍ਰਸਤ ਇਸ ਕਦਰ ਦਿਲ ਦਾਦਾ ਹਨ , ਅਤਿ ਦੇ ਆਲਸੀ ਪੁਣੇ ਅਤੇ ਐਸ਼ ਪ੍ਰਸਤੀ ਨਾਲ ਚੋਲੀ ਦਾਮਨ ਦਾ ਸੰਬੰਧ ਸੀ । ਇਹ ਪਹਿਲੀ ਜਮਾਤ ਹੈ ਜਿਸ ਨੇ ਦੇਖਿਆ ਦਿੱਤਾ ਕਿ ਇਨਸਾਨੀ ਕਾਰਗੁਜ਼ਾਰੀ ਕੀ ਕੁਛ ਕਰ ਸਕਦੀ ਹੈ। ਇਸ ਨੇ ਉਹ ਅਜੂਬੇ ਪੇਸ਼ ਕੀਤੇ ਜਿਨਾਂ ਦੇ ਮੁਕਾਬਲੇ ਮਿਸਰ ਦੇ ਪਿਰਾਮਿਡ , ਰੂਮ ਦੀਆਂ ਨਹਿਰਾਂ ਅਤੇ ਗੌਥਿਕ ਨਮੂਨੇ ਦੇ ਸ਼ਾਨਦਾਰ ਗਿਰਜੇ ਹੇਚ ਹਨ । ਇਸ ਨੇ ਐਸੀਆਂ ਐਸੀਆਂ ਮੁਹਿੰਮਾਂ ਸਰ ਕੀਤੀਆਂ ਹਨ ਜਿਹਨਾਂ ਦੇ ਸਾਹਮਣੇ ਤਮਾਮ ਪੂਰਬਲੇ ਜਮਾਨੇ ਦੀਆਂ ਕੌਮਾਂ ਦੇ ਕਾਰਵਾਂ ਅਤੇ ਸਲੀਬੀ ਜੰਗਾਂ ਮਾਤ ਹਨ।

ਬੁਰਜ਼ੁਆ ਜਮਾਤ ਪੈਦਾਵਾਰ ਦੇ ਸਾਧਨਾ ਵਿੱਚ ਅਤੇ ਇਸ ਕਰਕੇ ਪੈਦਾਵਾਰ ਦੇ ਰਿਸਤਿਆਂ ਵਿੱਚ ਅਤੇ ਉਹਨਾਂ ਦੇ ਨਾਲ ਸਮਾਜ ਦੇ ਸਾਰੇ ਰਿਸਤਿਆਂ ਵਿੱਚ ਲਗਾਤਾਰ ਇਨਕਲਾਬੀ ਉਲਟ ਪੁਲਟ ਕਰੇ ਬਗ਼ੈਰ ਜ਼ਿੰਦਾ ਨਹੀਂ ਰਹਿ ਸਕਦੀ । ਇਸ ਦੇ ਉਲਟ ਪੈਦਾਵਾਰ ਦੇ ਪੁਰਾਣੇ ਤਰੀਕਿਆਂ ਨੂੰ ਜਿਓਂ ਦਾ ਤਿਓਂ ਕਾਇਮ ਰਖਣਾ , ਪਹਿਲੇ ਜ਼ਮਾਨੇ ਦੀਆਂ ਤਮਾਮ ਸਨਅਤੀ ਜਮਾਤਾਂ ਦੇ ਬਚਾ ਦੀ ਪਹਿਲੀ ਸ਼ਰਤ ਸੀ । ਪੈਦਾਵਾਰ ਵਿੱਚ ਨਿਰੰਤਰ ਇਨਕਲਾਬੀ ਉਲਟ ਪੁਲਟ , ਸਮੁੱਚੇ ਸਮਾਜੀ ਤਾਲੁਕਾਤ ਵਿੱਚ ਲਗਾਤਾਰ ਖ਼ਲਲ, ਦਾਇਮੀ ਅਨਿਸਚਿਤਤਾ ਅਤੇ ਹਲਚਲ, ਬੁਰਜ਼ੁਆ ਦੌਰ ਨੂੰ ਪਹਿਲਾਂ ਦੇ ਤਮਾਮ ਦੌਰਾਂ ਤੋਂ ਮੁਮਤਾਜ਼ ਬਣਾਉਂਦੇ ਹਨ । ਤਮਾਮ ਪੱਕੇ ਤਾਲੁਕਾਤ ਜੋ ਪੱਥਰ ਦੀ ਲਕੀਰ ਬਣ ਚੁੱਕੇ ਸਨ , ਆਪਣੇ ਕਦੀਮ ਅਤੇ ਲਾਇਕ ਇਹਤਰਾਮ ਤਅਸਬਾਂ ਅਤੇ ਅਕੀਦਿਆਂ ਦੇ ਲਾਓ ਲਸ਼ਕਰ ਸਮੇਤ ਨੇਸਤੋ ਨਾਬੂਦ ਹੋ ਗਏ ਅਤੇ ਨਵੇਂ ਕਾਇਮ ਹੋਣ ਵਾਲੇ ਤਾਲੁਕਾਤ ਜੜਾਂ ਲਾਉਣ ਤੋਂ ਪਹਿਲਾਂ ਹੀ ਬੋਦੇ ਪੁਰਾਣੇ ਹੋ ਜਾਂਦੇ ਹਨ। ਕਲ ਤੱਕ ਜੋ ਠੋਸ ਸੀ , ਅੱਜ ਉਹ ਹਵਾ ਹੋ ਗਿਆ। ਜੋ ਪਾਕ ਸੀ ਉਹ ਨਪਾਕ ਹੈ। ਅਤੇ ਇਨਸਾਨ ਆਖ਼ਿਰ ਕਾਰ ਮਜਬੂਰ ਹੋਇਆ ਕੀ ਅਪਣੀ ਜ਼ਿੰਦਗੀਦੀਆਂ ਹਕੀਕਤਾਂ ਦਾ ਅਤੇ ਆਪਣੇ ਅਸੀਂ ਜਿਨਸੀਆਂ ਨਾਲ ਆਪਣੇ ਤਾਲੁਕਾਤ ਦਾ ਪੂਰੇ ਹੋਸ਼ੋ ਹਵਾਸ ਵਿੱਚ ਜਾਇਜ਼ਾ ਲਵੇ ।

ਆਪਣੇ ਮਾਲ ਲਈ ਮੰਡੀ ਬਰਾਬਰ ਵਧਾਉਂਦੇ ਰਹਿਣ ਦੀ ਜ਼ਰੂਰਤ ਬੁਰਜ਼ੁਆ ਤਬਕੇ ਤੋਂ ਸਾਰੇ ਜਹਾਨ ਦੀ ਖ਼ਾਕ ਛਣਵਾਉਂਦੀ ਹੈ। ਉਸ ਨੂੰ ਹਰ ਸ਼ਾਖ਼ ਤੇ ਆਸ਼ੀਆਨਾ ਬਣਾਉਣਾ ਪੈਂਦਾ ਹੈ। ਹਰ ਜਗ੍ਹਾ ਘਰ ਵਸਾਉਣਾ ਪੈਂਦਾ ਹੈ। ਹਰ ਜਗ੍ਹਾ ਤਾਲੁਕਾਤ ਕਾਇਮ ਕਰਨੇ ਪੈਂਦੇ ਹਨ।

ਬੁਰਜ਼ੁਆ ਤਬਕੇ ਨੇ ਆਲਮਗੀਰ ਮੰਡੀ ਦੀ ਲੁੱਟ ਖਸੁੱਟ ਦੇ ਜ਼ਰੀਏ ਹਰ ਮੁਲਕ ਵਿੱਚ ਪੈਦਾਵਾਰ ਅਤੇ ਖਪਤ ਨੂੰ ਸਰਬ-ਦੇਸੀ ਰੰਗ ਦੇ ਦਿੱਤਾ ਹੈ। ਰਜਅਤ ਪ੍ਰਸਤ ਸਖ਼ਤ ਖ਼ਫ਼ਾ ਹਨ ਕਿ ਸਨਅਤ ਜਿਸ ਕੌਮੀ ਬੁਨਿਆਦ ਉਪਰ ਖੜੀ ਸੀ ਉਹ ਜ਼ਮੀਨ ਉਸ ਦੇ ਪੈਰਾਂ ਥਲਿਓਂ ਇਸ ਨੇ ਖਿਸਕਾ ਦਿੰਦੀ ਹੈ। ਪਹਿਲਾਂ ਤੋਂ ਚਲੀਆਂ ਆਉਂਦੀਆਂ ਤਮਾਮ ਕੌਮੀ ਸਨਅਤਾਂ ਤਬਾਹ ਕਰ ਦਿੰਦੀਆਂ ਗਈਆਂ ਜਾਂ ਦਿਨ ਬਦਿਨ ਤਬਾਹ ਕੀਤੀਆਂ ਜਾ ਰਹੀਆਂ ਹਨ। ਨਵੀਆਂ ਸਨਅਤਾਂ ਉਹਨਾਂ ਦੀ ਜਗ੍ਹਾ ਲੈ ਰਹੀਆਂ ਹਨ ਜਿਹਨਾਂ ਦੀ ਕਾਇਮੀ ਤਮਾਮ ਸਭਿਆ ਕੌਮਾਂ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ ਬਣਦਾ ਜਾ ਰਿਹਾ ਹੈ। ਇਹ ਉਹ ਸਨਅਤਾਂ ਹਨ ਜਿਹਨਾਂ ਵਿੱਚ ਆਪਣੇ ਦੇਸ ਦਾ ਕੱਚਾ ਮਾਲ ਇਸਤੇਮਾਲ ਨਹੀਂ ਹੁੰਦਾ ਬਲਕਿ ਦੂਰ ਦੂਰ ਦੇ ਇਲਾਕਿਆਂ ਤੋਂ ਕੱਚਾ ਮਾਲ ਆਉਂਦਾ ਹੈ। ਇਹਨਾਂ ਸਨਅਤਾਂ ਦੀ ਪੈਦਾਵਾਰ ਦੀ ਖਪਤ ਸਿਰਫ਼ ਆਪਣੇ ਮੁਲਕ ਵਿੱਚ ਨਹੀਂ ਬਲਕਿ ਦੁਨੀਆ ਦੇ ਹਰ ਗੋਸ਼ੇ ਵਿੱਚ ਹੁੰਦੀ ਹੈ। ਪੁਰਾਣੀਆਂ ਜ਼ਰੂਰਤਾਂ ਦੀ ਜਗ੍ਹਾ ਜੋ ਆਪਣੇ ਮੁਲਕ ਦੀ ਪੈਦਾਵਾਰ ਨਾਲ ਪੂਰੀਆਂ ਹੋ ਜਾਇਆ ਕਰਦੀਆਂ ਸਨ, ਹੁਣ ਨਵੀਆਂ ਜਰੂਰਤਾਂ ਪੈਦਾ ਹੋ ਗਈਆਂ ਹਨ ਜਿਨਾਂ ਨੂੰ ਪੂਰਾ ਕਰਨ ਲਈ ਦੂਰ ਦਰਾਜ਼ ਦੇ ਮੁਲਕਾਂ ਅਤੇ ਇਲਾਕਿਆਂ ਦਾ ਮਾਲ ਚਾਹੀਦਾ ਹੈ। ਪੁਰਾਣੀ ਮੁਕਾਮੀ ਅਤੇ ਕੌਮੀ ਅਲਹਿਦਗੀ ਅਤੇ ਆਤਮ ਨਿਰਭਰਤਾ ਦੀ ਥਾਂ ਹੁਣ ਹਰ ਤਰਫ਼ ਵਰਤ ਵਰਤਾਵੇ ਦਾ ਦੌਰ ਦੌਰਾ ਹੈ ਅਤੇ ਕੌਮਾ ਦੀ ਇਕ ਦੂਸਰੇ ਉਪਰ ਸਰਬ ਵਿਆਪੀ ਅੰਤਰ-ਨਿਰਭਰਤਾ ਦੇਖਣ ਵਿੱਚ ਆਉਂਦੀ ਹੈ। ਮਾਦੀ ਪੈਦਾਵਾਰ ਦਾ ਜੋ ਹਾਲ ਹੈ ਉਹੀ ਜ਼ਿਹਨੀ ਪੈਦਾਵਾਰ ਦਾ ਵੀ ਹੈ। ਹਰ ਕੌਮ ਦੇ ਜ਼ਿਹਨੀ ਕਾਰਨਾਮੇ ਸਾਰੀ ਦੁਨੀਆ ਦੀ ਸਾਂਝੀ ਜਾਇਦਾਦ ਬਣਦੇ ਜਾ ਰਹੇ ਹਨ। ਕੌਮੀ ਇੱਕਤਰਫ਼ਾਪਣ ਅਤੇ ਤੰਗਨਜ਼ਰੀ ਦਿਨ ਬਦਿਨ ਨਾਮੁਮਕਿਨ ਹੁੰਦੀ ਜਾ ਰਹੀ ਹੈ ਅਤੇ ਅਨੇਕ ਕੌਮੀ ਅਤੇ ਮੁਕਾਮੀ ਸਾਹਿਤ ਮਿਲ ਕੇ ਇਕ ਆਲਮਗੀਰ ਸਾਹਿਤ ਜਨਮ ਲੈ ਰਿਹਾ ਹੈ।

ਬੁਰਜ਼ੁਆ ਜਮਾਤ ਪੈਦਾਵਾਰ ਦੇ ਤਮਾਮ ਔਜਾਰਾਂ ਵਿੱਚ ਤੇਜ਼ੀ ਨਾਲ ਬਿਹਤਰੀ ਲਿਆਉਣ ਅਤੇ ਸੰਚਾਰ ਦੇ ਵਸੀਲਿਆਂ ਨੂੰ ਬੇ ਹੱਦ ਅਸਾਨ ਬਣਾਉਣ ਦੇ ਜੋਰ ਤਮਾਮ ਕੌਮਾਂ ਨੂੰ ਇਥੋਂ ਤੱਕ ਕਿ ਇੰਤਹਾਈ ਵਹਿਸ਼ੀ ਕੌਮਾਂ ਨੂੰ ਵੀ ਤਹਿਜ਼ੀਬ ਦੇ ਦਾਇਰੇ ਵਿੱਚ ਖਿਚ ਲੈਂਦੀ ਹੈ। ਇਸ ਦੇ ਤਜਾਰਤੀ ਮਾਲ ਦੀਆਂ ਸਸਤੀਆਂ ਕੀਮਤਾਂ ਗੋਲੇ ਬਾਰੂਦ ਦਾ ਕੰਮ ਕਰਦੀਆਂ ਹਨ ਜਿਸ ਨਾਲ ਉਹ ਚੀਨ ਦੀ ਹਰ ਦੀਵਾਰ ਨੂੰ ਢਾਹ ਦਿੰਦੀ ਹੈ ਅਤੇ ਜ਼ਿੱਦੀ ਤੋਂ ਜ਼ਿੱਦੀ ਵਹਿਸ਼ੀਆਂ ਨੂੰ ਵੀ ਜਿਹਨਾ ਦੇ ਦਿਲ ਵਿਚੋਂ ਗ਼ੈਰਾਂ ਨੂੰ ਨਫ਼ਰਤ ਦਾ ਜਜ਼ਬਾ ਮਾਰਿਆਂ ਨਹੀਂ ਮਰਦਾ, ਹਾਰ ਮੰਨਣ ਲਈ ਮਜਬੂਰ ਕਰ ਦਿੰਦੀ ਹੈ। ਇਹ ਤਮਾਮ ਕੌਮਾ ਨੂੰ ਮਜਬੂਰ ਕਰ ਦਿੰਦੀ ਹੈ ਕਿ ਉਹ ਬੁਰਜ਼ੁਆ ਪੈਦਾਵਾਰੀ ਤਰੀਕਾ ਇਖ਼ਤਿਆਰ ਕਰਨ ਜਾਂ ਫ਼ਨਾ ਹੋ ਜਾਣ। ਇਹ ਉਹਨਾਂ ਨੂੰ ਮਜਬੂਰ ਕਰ ਦਿੰਦੀ ਹੈ ਕਿ ਉਹ ਵੀ ਇਸ ਦੀ ਮੂੰਹ ਬੋਲੀ ਤਹਿਜ਼ੀਬ ਨੂੰ ਅਪਨਾਉਣ ਯਾਨੀ ਉਹ ਖ਼ੁਦ ਵੀ ਬੁਰਜ਼ੁਆ ਬਣਨ। ਮੁਖਤਸਰ ਇਹ ਕਿ ਉਹ ਆਪਣੇ ਸਾਂਚੇ ਵਿੱਚ ਆਪਣੀ ਦੁਨੀਆ ਸਿਰਜ ਲੈਂਦੀ ਹੈ।

ਬੁਰਜ਼ੁਆ ਤਬਕੇ ਨੇ ਦਿਹਾਤ ਨੂੰ ਸ਼ਹਿਰਾਂ ਦੇ ਤਾਬੇ ਕਰ ਦਿੱਤਾ ਹੈ। ਇਸ ਨੇ ਬੜੇ ਬੜੇ ਸ਼ਹਿਰ ਬਸਾਏ ਹਨ। ਦਿਹਾਤ ਦੇ ਮੁਕਾਬਲੇ ਵਿੱਚ ਸ਼ਹਿਰੀ ਆਬਾਦੀ ਬਹੁਤ ਵਧਾ ਦਿੱਤੀ ਹੈ ਅਤੇ ਇਸ ਤਰ੍ਹਾਂ ਆਬਾਦੀ ਦੇ ਇਕ ਬੜੇ ਹਿੱਸੇ ਨੂੰ ਦਿਹਾਤੀ ਜ਼ਿੰਦਗੀ ਦੇ ਮੂਰਖਪੁਣੇ ਤੋਂ ਛੁਟਕਾਰਾ ਦਿਲਾਇਆ ਹੈ। ਜਿਸ ਤਰ੍ਹਾਂ ਇਸ ਨੇ ਦਿਹਾਤ ਨੂੰ ਸ਼ਹਿਰਾਂ ਤੇ ਨਿਰਭਰ ਬਣਾਇਆ, ਉਸੇ ਤਰ੍ਹਾਂ ਗ਼ੈਰ ਸਭਿਅਕ ਅਤੇ ਅਰਧ ਸਭਿਅਕ

ਮੁਲਕਾਂ ਨੂੰ ਸਭਿਅਕ ਮੁਲਕਾਂ ਦਾ , ਕਿਸਾਨਾਂ ਕੌਮਾ ਨੂੰ ਬੁਰਜ਼ੁਆ ਕੌਮਾ ਦਾ , ਪੂਰਬ ਨੂੰ ਪਛਮ ਦਾ ਮੁਹਤਾਜ ਬਣਾਇਆ ਹੈ ।

ਬੁਰਜ਼ੁਆ ਜਮਾਤ ਪੈਦਾਵਾਰ ਦੇ ਸਾਧਨਾ ਦੀ , ਮਲਕੀਅਤ ਦੀ , ਅਤੇ ਆਬਾਦੀ ਦੀ ਖਿੰਡਰੀ ਪੁੰਡਰੀ ਹਾਲਤ ਨੂੰ ਦਿਨ ਬਦਿਨ ਖ਼ਤਮ ਕਰਦੀ ਜਾ ਰਹੀ ਹੈ। ਇਸ ਨੇ ਆਬਾਦੀ ਨੂੰ ਇਕੱਠਾ ਕੀਤਾ ਹੈ। ਪੈਦਾਵਾਰੀ ਸਾਧਨਾ ਦਾ ਕੇਂਦਰੀਕਰਨ ਕੀਤਾ ਹੈ ਅਤੇ ਮਲਕੀਅਤ ਚੰਦ ਹੱਥਾਂ ਵਿੱਚ ਜਮ੍ਹਾ ਕਰ ਦਿੰਦੀ ਹੈ। ਇਸ ਦਾ ਲਾਜ਼ਮੀ ਨਤੀਜਾ ਸਿਆਸੀ ਕੇਂਦਰੀਕਰਨ ਹੀ ਹੋਣਾ ਸੀ । ਸੂਬੇ ਜੋ ਆਜ਼ਾਦ ਸਨ ਜਾਂ ਜਿਹਨਾਂ ਵਿੱਚ ਕੋਈ ਵਾਜ਼ਿਹ ਤਾਅਲੁੱਕ ਨਹੀਂ ਸੀ , ਜਿਨਾ ਦੇ ਮੁਫ਼ਾਦ , ਕਾਨੂੰਨ , ਹਕੂਮਤਾਂ ਅਤੇ ਮਹਿਸੂਲ ਦੇ ਤਰੀਕੇ ਅਲੱਗ ਅਲੱਗ ਸਨ , ਹੁਣ ਮਿਲ ਕੇ ਇਕ ਕੌਮ ਬਣ ਗਏ ਹਨ , ਜਿਹਨਾਂ ਦੀ ਇਕ ਹਕੂਮਤ ਹੈ, ਕਾਨੂੰਨ ਦਾ ਇੱਕ ਹੀ ਜ਼ਾਬਤਾ ਹੈ, ਇਕ ਕੌਮੀ ਜਮਾਤੀ ਮੁਫ਼ਾਦ ਹੈ, ਇਕ ਸਰਹੱਦ ਅਤੇ ਇਕ ਕਸਟਮ ਡਿਊਟੀ ਹੈ।

ਬੁਰਜ਼ੁਆ ਜਮਾਤ ਨੇ ਆਪਣੇ ਇਸ ਮੁਸ਼ਕਿਲ ਨਾਲ ਇਕ ਸੌ ਬਰਸ ਦੀ ਹਕੂਮਤ ਵਿੱਚ ਏਨੀਆਂ ਵਡੀਆਂ ਅਤੇ ਦਿਓ ਕੱਦ ਪੈਦਾਵਾਰੀ ਤਾਕਤਾਂ ਸਿਰਜ ਲਈਆਂ ਹਨ ਕਿ ਪਿਛਲੀਆਂ ਤਮਾਮ ਨਸਲਾਂ ਮਿਲ ਕੇ ਵੀ ਨਹੀਂ ਸਨ ਸਿਰਜ ਸਕੀਆਂ । ਕੁਦਰਤ ਦੀਆਂ ਤਾਕਤਾਂ ਉਪਰ ਇਨਸਾਨ ਕੀ ਕਾਰਫ਼ਰਮਾਈ , ਮਸ਼ੀਨਾਂ , ਸਨਅਤ ਅਤੇ ਜ਼ਰਾਇਤ ਵਿੱਚ ਕੈਮਿਸਟਰੀ ਦਾ ਇਸਤੇਮਾਲ , ਭਾਫ ਜਹਾਜ਼ਰਾਨੀ , ਰੇਲਾਂ ,ਬਿਜਲਈ ਤਾਰ , ਖੇਤੀ ਲਈ ਪੂਰੇ ਦੇ ਪੂਰੇ ਮਹਾਦੀਪਾਂ ਦੀ ਸਫ਼ਾਈ , ਨਹਿਰਾਂ ਬਣਾ ਕੇ ਦਰਿਆਵਾਂ ਨੂੰ ਮਿਲਾਉਣਾ ਅਤੇ ਜਿਵੇਂ ਜਾਦੂ ਦੇ ਜ਼ੋਰ ਨਾਲ ਜ਼ਮੀਨ ਦਾ ਸੀਨਾ ਚੀਰ ਕੇ ਆਬਾਦੀਆਂ ਦਾ ਪ੍ਰਗਟ ਹੋਣਾ ਪਹਿਲਾਂ ਦੇ ਕਿਸ ਜ਼ਮਾਨੇ ਦੇ ਲੋਕਾਂ ਦੇ ਸੁਪਨਿਆਂ ਵਿੱਚ ਵੀ ਇਹ ਗੱਲ ਆ ਸਕਦੀ ਸੀ ਕਿ ਸਮਾਜਿਕ ਮਿਹਨਤ ਦੀ ਗੋਦ ਵਿੱਚ ਅਜਿਹੀਆਂ ਪੈਦਾਵਾਰੀ ਤਾਕਤਾਂ ਸੁਤੀਆਂ ਹੋਈਆਂ ਹਨ ?

ਫਿਰ ਅਸੀਂ ਦੇਖਦੇ ਹਾਂ ਕੀ ਕਿ ਪੈਦਾਵਾਰ ਅਤੇ ਵਟਾਂਦਰੇ ਦੇ ਵਸੀਲੇ ਜਿਹਨਾਂ ਦੀ ਬੁਨਿਆਦ ਉਪਰ ਬੁਰਜ਼ੁਆ ਜਮਾਤ ਨੇ ਆਪਣੇ ਆਪ ਨੂੰ ਬਣਾਇਆ , ਉਹ ਜਾਗੀਰਦਾਰ ਸਮਾਜ ਵਿੱਚ ਪੈਦਾ ਹੋ ਚੁੱਕੇ ਸਨ। ਪੈਦਾਵਾਰ ਅਤੇ ਵਟਾਂਦਰੇ ਦੇ ਇਹਨਾਂ ਵਸੀਲਿਆਂ ਦੇ ਵਿਕਾਸ ਵਿੱਚ ਇਕ ਮੰਜ਼ਿਲ ਐਸੀ ਆਈ ਕਿ ਜਾਗੀਰਦਾਰ ਸਮਾਜ ਦੀਆਂ ਹਾਲਤਾਂ ਵਿੱਚ ਜਿਹਨਾਂ ਅੰਦਰ ਮਾਲ ਦੀ ਪੈਦਾਵਾਰ ਅਤੇ ਉਸ ਦਾ ਵਟਾਂਦਰਾ ਹੁੰਦਾ ਸੀ , ਜ਼ਰਾਇਤ ਅਤੇ ਕਾਰਖ਼ਾਨੇਦਾਰੀ ਸਨਅਤ ਦਾ ਜਾਗੀਰਦਾਰ ਤਨਜ਼ੀਮ ਦੇ ਅੰਦਰ , ਮੁਖ਼ਤਸਰ ਇਹ ਕਿ ਹੁਣ ਕਾਫੀ ਵਿਕਾਸ ਕਰ ਚੁੱਕੀਆਂ ਪੈਦਾਵਾਰੀ ਤਾਕਤਾਂ ਦਾ ਮਾਲਕੀ ਦੇ ਜਾਗੀਰਦਾਰੀ ਰਿਸ਼ਤਿਆਂ ਦੇ ਅੰਦਰ ਨਿਬਾਹ ਨਾਮੁਮਕਿਨ ਹੋ ਗਿਆ ਸੀ । ਇਹ ਰਿਸ਼ਤੇ ਉਹਨਾਂ ਦੇ ਪੈਰਾਂ ਦੀਆਂ ਜੰਜੀਰਾਂ ਬਣ ਗਏ ।ਉਹਨਾਂ ਜੰਜੀਰਾਂ ਨੂੰ ਤੋੜਨਾ ਲੋੜੀਂਦਾ ਸੀ।ਉਹਨਾਂ ਨੂੰ ਤੋੜ ਦਿੰਦਾ ਗਿਆ।

ਹੁਣ ਆਜ਼ਾਦ ਮੁਕਾਬਲੇ ਨੇ ਉਹਨਾਂ ਦੀ ਜਗ੍ਹਾ ਲੈ ਲਈ , ਅਤੇ ਇਹ ਆਪਣੇ ਅਨੁਸਾਰ ਇਕ ਸਮਾਜੀ ਅਤੇ ਸਿਆਸੀ ਨਿਜ਼ਾਮ ਅਤੇ ਬੁਰਜ਼ੁਆ ਜਮਾਤ ਦਾ ਆਰਥਿਕ ਅਤੇ ਸਿਆਸੀ ਗਲਬਾ ਵੀ ਨਾਲ ਲੈ ਕੇ ਆਇਆ।

ਇਸੇ ਕਿਸਮ ਦੀ ਇਕ ਤਬਦੀਲੀ ਖ਼ੁਦ ਸਾਡੀਆਂ ਅੱਖਾਂ ਦੇ ਸਾਹਮਣੇ ਹੋ ਰਹੀ ਹੈ। ਆਧੁਨਿਕ ਬੁਰਜ਼ੁਆ ਸਮਾਜ ਨੇ ਜਿਵੇਂ ਜਾਦੂ ਦੇ ਜ਼ੋਰ ਪੈਦਾਵਾਰ ਅਤੇ ਤਬਾਦਲੇ ਦੇ ਅਜ਼ੀਮ ਦਿਓ ਕੱਦ ਵਸੀਲੇ ਖੜੇ ਕਰ ਲਈ ਹਨ । ਮਗਰ ਪੈਦਾਵਾਰ ਦੇ, ਵਟਾਂਦਰੇ ਦੇ ਅਤੇ ਮਲਕੀਅਤ ਦੇ ਆਪਣੇ ਰਿਸ਼ਤਿਆਂ ਸਮੇਤ ਇਸ ਸਮਾਜ ਦੀ ਹਾਲਤ ਉਸ ਜਾਦੂਗਰ ਵਰਗੀ ਹੈ ਜਿਸ ਨੇ ਆਪਣੇ ਜਾਦੂ ਨਾਲ ਸ਼ੈਤਾਨੀ ਤਾਕਤਾਂ ਨੂੰ ਜਗਾ ਤਾਂ

ਲਿਆ ਹੈ ਮਗਰ ਹੁਣ ਕਾਬੂ ਵਿੱਚ ਨਹੀਂ ਰੱਖ ਸਕਦਾ। ਪਿਛਲੇ ਕਈ ਦਹਾਕਿਆਂ ਤੋਂ ਸਨਅਤ ਅਤੇ ਤਜਾਰਤ ਦੀ ਤਾਰੀਖ਼, ਆਧੁਨਿਕ ਪੈਦਾਵਾਰੀ ਸ਼ਕਤੀਆਂ ਦੀ ਬਗ਼ਾਵਤ ਦੀ ਤਾਰੀਖ਼ ਹੈ , ਬਗ਼ਾਵਤ ਆਧੁਨਿਕ ਪੈਦਾਵਾਰ ਰਿਸਤਿਆਂ ਦੇ ਖ਼ਿਲਾਫ਼ ਅਤੇ ਮਲਕੀਅਤ ਦੇ ਉਹਨਾਂ ਰਿਸਤਿਆਂ ਦੇ ਖ਼ਿਲਾਫ਼ ਜੋ ਬੁਰਜ਼ੁਆ ਜਮਾਤ ਅਤੇ ਉਸ ਦੇ ਗਲਬੇ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ। ਇਸ ਸਿਲਸਿਲੇ ਵਿੱਚ ਉਹਨਾਂ ਤਜਾਰਤੀ ਸੰਕਟਾਂ ਦਾ ਜ਼ਿਕਰ ਹੀ ਕਾਫ਼ੀ ਹੈ ਜੋ ਬਰਾਬਰ ਕੁਛ ਵਕਫ਼ੇ ਬਾਅਦ ਮੁੜ ਮੁੜ ਆਉਂਦੇ ਰਹਿੰਦੇ ਹਨ ਅਤੇ ਪੂਰੇ ਬੁਰਜ਼ੁਆ ਸਮਾਜ ਦੀ ਜ਼ਿੰਦਗੀ ਨੂੰ ਹਰ ਬਾਰ ਪਹਿਲੇ ਨਾਲੋਂ ਵੀ ਬੜੇ ਖ਼ਤਰੇ ਵਿੱਚ ਫਸਾ ਦਿੰਦੇ ਹਨ। ਇਹਨਾਂ ਸੰਕਟਾਂ ਵਿੱਚ ਹਰ ਬਾਰ ਸਿਰਫ਼ ਤਿਆਰ ਮਾਲ ਦਾ ਹੀ ਨਹੀਂ ਬਲਕਿ ਪਹਿਲਾਂ ਦੀਆਂ ਸਿਰਜੀਆਂ ਪੈਦਾਵਾਰੀ ਸ਼ਕਤੀਆਂ ਦਾ ਵੀ ਇਕ ਬੜਾ ਹਿੱਸਾ ਬਰਬਾਦ ਕਰ ਦਿੰਦਾ ਜਾਂਦਾ ਹੈ। ਇਹਨਾਂ ਸੰਕਟਾਂ ਦੌਰਾਨ ਜਿਵੇਂ ਇਕ ਵਬਾ ਜਿਹੀ ਫੈਲ ਜਾਂਦੀ ਹੈ, ਫ਼ਾਜ਼ਲ ਪੈਦਾਵਾਰ ਦੀ ਵਬਾ ,ਜੋ ਪਹਿਲਾਂ ਦੇ ਤਮਾਮ ਜੁਗਾਂ ਦੌਰਾਨ ਇਕ ਅਨਹੋਣੀ ਜਿਹੀ ਬਾਤ ਲਗਦੀ। ਸਮਾਜ ਅਚਾਨਕ ਆਪਣੇ ਆਪ ਨੂੰ ਕੁਛ ਦਿਨਾਂ ਲਈ ਬਰਬਰੀਅਤ ਦੇ ਆਲਮ ਵਿੱਚ ਪਾਉਂਦਾ ਹੈ। ਇਓਂ ਲਗਣ ਲੱਗ ਜਾਂਦਾ ਹੈ ਜਿਵੇਂ ਅਕਾਲ ਪੈ ਗਿਆ ਹੋਵੇ ਜਾਂ ਆਲਮਗੀਰ ਜੰਗ ਦੀ ਤਬਾਹੀ ਨੇ ਜੀਵਨ ਦੇ ਤਮਾਮ ਵਸੀਲਿਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਹੋਣ। ਸਨਅਤ ਅਤੇ ਤਜਾਰਤ ਬਰਬਾਦ ਹੁੰਦੀ ਨਜ਼ਰ ਆਉਂਦੀ ਹੈ। ਤੇ ਇਹ ਕਿਉਂ ?ਇਸ ਲਈ ਕਿ ਸਭਿਅਤਾ ਦੀਆਂ ਬਰਕਤਾਂ ਦੀ ਬਹੁਤਾਤ ਹੈ। ਜ਼ਿੰਦਗੀ ਦੇ ਵਸੀਲਿਆਂ ਦੀ ਬਹੁਤਾਤ ਹੈ, ਸਨਅਤ ਦੀ ਬਹੁਤਾਤ ਹੈ, ਤਜਾਰਤ ਦੀ ਬਹੁਤਾਤ ਹੈ। ਸਮਾਜ ਦੇ ਹਥ ਵਿੱਚ ਜੋ ਪੈਦਾਵਾਰੀ ਤਾਕਤਾਂ ਹਨ ਉਹਨਾਂ ਤੋਂ ਹੁਣ ਬੁਰਜ਼ੁਆ ਮਲਕੀਅਤ ਦੇ ਨਿਜ਼ਾਮ ਦੀ ਹੋਰ ਤਰੱਕੀ ਵਿੱਚ ਕੋਈ ਮਦਦ ਨਹੀਂ ਮਿਲਦੀ ਬਲਕਿ ਇਸ ਦੇ ਉਲਟ ਉਹ ਇਤਨੀਆਂ ਤਾਕਤਵਰ ਹੋ ਗਈਆਂ ਹਨ ਕਿ ਇਸ ਨਿਜ਼ਾਮ ਕੋਲੋਂ ਸੰਭਾਲਿਆਂ ਨਹੀਂ ਸੰਭਲਦੀਆਂ।ਇਹ ਨਿਜ਼ਾਮ ਉਹਨਾਂ ਦੇ ਪੈਰਾਂ ਦੀ ਜ਼ੰਜੀਰ ਬਣ ਜਾਂਦਾ ਹੈ ਅਤੇ ਜਿਓਂ ਹੀ ਉਹ ਇਹਨਾਂ ਜੰਜੀਰਾਂ ਉਪਰ ਕਾਬੂ ਪਾਉਂਦੀਆਂ ਹਨ ਪੂਰੇ ਬੁਰਜ਼ੁਆ ਸਮਾਜ ਵਿੱਚ ਖ਼ਲਲ ਪੈ ਜਾਂਦਾ ਹੈ। ਬੁਰਜ਼ੁਆ ਮਲਕੀਅਤ ਦਾ ਵਜੂਦ ਖ਼ਤਰੇ ਵਿੱਚ ਪੈ ਜਾਂਦਾ ਹੈ। ਬੁਰਜ਼ੁਆ ਤਾਲੁਕਾਤ ਦਾ ਦਾਮਨ ਏਨਾ ਤੰਗ ਹੈ ਕਿ ਉਹ ਖ਼ੁਦ ਅਪਣੀ ਪੈਦਾ ਕੀਤੀ ਹੋਈ ਦੌਲਤ ਵੀ ਨਹੀਂ ਸੰਭਾਲ ਸਕਦਾ। ਫਿਰ ਬੁਰਜ਼ੁਆ ਜਮਾਤ ਇਹਨਾਂ ਸੰਕਟਾਂ ਉਪਰ ਕਾਬੂ ਕਿਵੇਂ ਪਾਉਂਦੀ ਹੈ? ਇਸ ਵਾਸਤੇ ਇਕ ਤਰਫ਼ ਪੈਦਾਵਾਰੀ ਸ਼ਕਤੀਆਂ ਦੀ ਜਦ ਰਦਸਤ ਬਰਬਾਕੀ ਕੀਤੀ ਜਾਂਦੀ ਹੈ ਅਤੇ ਦੂਸਰੀ ਤਰਫ਼ ਨਵੀਆਂ ਮੰਡੀਆਂ ਉਪਰ ਕਬਜ਼ਾ ਕੀਤਾ ਜਾਂਦਾ ਹੈ ਅਤੇ ਪੁਰਾਣੀਆਂ ਮੰਡੀਆਂ ਦਾ ਸੋਸ਼ਣ ਹੋਰ ਵੀ ਜ਼ਿਆਦਾ ਸ਼ਿੱਦਤ ਨਾਲ ਕੀਤਾ ਜਾਂਦਾ ਹੈ। ਯਾਨੀ ਹੋਰ ਵੀ ਜ਼ਿਆਦਾ ਵਸੀਹ ਅਤੇ ਤਬਾਹਕੁਨ ਸੰਕਟਾਂ ਲਈ ਰਸਤਾ ਸਾਫ਼ ਕੀਤਾ ਜਾਂਦਾ ਹੈ ਅਤੇ ਇਹਨਾਂ ਸੰਕਟਾਂ ਨੂੰ ਰੋਕਣ ਦੇ ਵਸੀਲੇ ਹੋਰ ਵੀ ਘੱਟ ਕਰ ਦਿੱਤੇ ਜਾਂਦੇ ਹਨ।

ਉਹ ਹਥਿਆਰ ਜਿਹਨਾਂ ਨਾਲ ਬੁਰਜ਼ੁਆ ਜਮਾਤ ਨੇ ਜਾਗੀਰਦਾਰੀ ਨਿਜ਼ਾਮ ਨੂੰ ਢਾਹਿਆ ਸੀ , ਹੁਣ ਖ਼ੁਦ ਬੁਰਜ਼ੁਆ ਜਮਾਤ ਦੇ ਖ਼ਿਲਾਫ਼ ਰੁਖ ਮੋੜ ਲੈਂਦੇ ਹਨ।

ਪਰ ਬੁਰਜ਼ੁਆ ਤਬਕੇ ਨੇ ਸਿਰਫ਼ ਉਹ ਹਥਿਆਰ ਹੀ ਨਹੀਂ ਢਾਲੇ ਜੋ ਉਸ ਦੀ ਮੌਤ ਦਾ ਪੈਗ਼ਾਮ ਹਨ , ਉਸ ਨੇ ਉਹ ਆਦਮੀ ਵੀ ਵਜੂਦ ਵਿੱਚ ਲੈ ਆਂਦੇ ਹਨ ਜਿਹੜੇ ਇਹ ਹਥਿਆਰ ਉਠਾਉਣਗੇ , ਯਾਨੀ ਪਰੋਲਤਾਰੀ , ਆਧੁਨਿਕ ਮਜ਼ਦੂਰ ਜਮਾਤ।

ਜਿਸ ਨਿਸਬਤ ਨਾਲ ਬੁਰਜ਼ੁਆ ਤਬਕੇ ਯਾਨੀ ਸਰਮਾਏ ਦੀ ਤਰੱਕੀ ਹੁੰਦੀਹੈ ਉਸੇ ਨਿਸਬਤ ਨਾਲ ਪ੍ਰੋਲਤਾਰੀ ਯਾਨੀ ਆਧੁਨਿਕ ਮਜ਼ਦੂਰ ਜਮਾਤ ਤਰੱਕੀ ਕਰਦੀ ਹੈ ਜੋ ਜ਼ਿੰਦਾ ਉਸ ਵਕਤ ਤੱਕ ਰਹਿ ਸਕਦੀ ਹੈ ਜਦ ਤੱਕ ਉਸ ਨੂੰ ਕੰਮ ਮਿਲਦਾ ਰਹੇ ਅਤੇ ਕੰਮ ਉਸ ਵਕਤ ਤੱਕਮਿਲਦਾ ਹੈ ਜਦੋਂ ਤੱਕ ਉਸ ਦੀ ਮਿਹਨਤ ਸਰਮਾਏ ਨੂੰ ਵਧਾਉਂਦੀ ਹੈ। ਇਹ ਮਜ਼ਦੂਰ ਵੀ,ਜਿਹਨਾਂ ਨੂੰ ਆਪਣਾ ਆਪ ਪੁਰਜਾ ਪੁਰਜਾ ਕਰਕੇ ਵੇਚਣਾ ਪੈਂਦਾ ਹੈ, ਤਜਾਰਤ ਦੀਆਂ ਹੋਰ ਸਭ ਚੀਜ਼ਾਂ ਵਾਂਗੂੰ ਇਕ ਜਿਣਸ ਹਨ। ਲਿਹਾਜ਼ਾ ਉਹ ਵੀ ਮੁਕਾਬਲੇ ਦੇ ਤਮਾਮ ਹੇਰ ਫੇਰ ਅਤੇ ਮੰਡੀ ਦੇ ਤਮਾਮ ਉਤਾਰ ਚੜ੍ਹਾਵਾਂ ਦੇ ਰਹਿਮੋ ਕਰਮ ਤੇ ਹਨ।

ਮਸ਼ੀਨਾ ਦੇ ਵਸੀਹ ਇਸਤੇਮਾਲ ਅਤੇ ਮਿਹਨਤ ਦੀ ਤਕਸੀਮ ਦੀ ਵਜ੍ਹਾ ਮਜ਼ਦੂਰਾਂ ਦਾ ਕੰਮ ਅਪਣੀਆਂ ਤਮਾਮ ਨਿਜੀ ਖਾਸੀਅਤਾਂ ਖੋ ਚੁੱਕਾ ਹੈ ਅਤੇ ਇਸ ਕਰਕੇ ਮਜ਼ਦੂਰ ਲਈ ਉਸ ਵਿੱਚ ਕੋਈ ਦਿਲਚਪਸ਼ੀ ਬਾਕੀ ਨਹੀਂ ਰਹੀ। ਉਹ ਮਸ਼ੀਨ ਦਾ ਦੁੰਮ ਛੱਲਾ ਬਣ ਕੇ ਰਹਿ ਗਿਆ ਹੈ। ਉਸ ਨੂੰ ਹੁਣ ਸਿਰਫ਼ ਇੱਕ ਢਬ ਜਾਣਨ ਦੀ ਲੋੜ ਹੈ ਜੋ ਨਿਹਾਇਤ ਸਿੱਧੀ ਸਾਦੀ ,ਨਿਹਾਇਤ ਉਕਤਾ ਦੇਣ ਵਾਲੀ ਅਤੇ ਨਿਹਾਇਤ ਅਸਾਨੀ ਨਾਲ ਸਿਖੀ ਜਾ ਸਕਣ ਵਾਲੀ ਚੀਜ਼ ਹੈ। ਇਸ ਲਈ ਮਜ਼ਦੂਰ ਦੀ ਪੈਦਾਵਾਰ ਦੀ ਲਾਗਤ ਤਕਰੀਬਨ ਉਹਨਾਂ ਜ਼ਿੰਦਗੀ ਦੇ ਵਸੀਲਿਆਂ ਤੱਕ ਮਹਿਦੂਦ ਹੈ ਜੋ ਉਸ ਕੇ ਆਪਣੇ ਗੁਜ਼ਾਰੇ ਅਤੇ ਨਸਲ ਦੇ ਵਾਧੇ ਲਈ ਜ਼ਰੂਰੀ ਹਨ। ਲੇਕਿਨ ਕਿਸੇ ਜਿਣਸ ਦੀ ਕੀਮਤ ਅਤੇ ਇਸ ਲਈ ਮਿਹਨਤ ਦੀ ਕੀਮਤ [ਬਾਅਦ ਮਾਰਕਸ ਨੇ ਦੱਸਿਆ ਕਿ ਮਜ਼ਦੂਰ ਅਪਣੀ ਮਿਹਨਤ ਨਹੀਂਬਲਕਿ ਮਿਹਨਤ ਦੀ ਤਾਕਤ ਵੇਚਦਾ ਹੈ। ਇਸ ਸਿਲਸਿਲੇ ਵਿੱਚ ਮਾਰਕਸ ਦੀ ਕਿਤਾਬ ਉਜਰਤੀ ਮਿਹਨਤ ਅਤੇ ਸਰਮਾਇਆ ਪੜ੍ਹੋ - ਐਡੀਟਰ] ਵੀ ਉਸ ਦੀ ਪੈਦਾਵਾਰ ਦੀ ਲਾਗਤ ਦੇ ਬਰਾਬਰ ਹੈ। ਇਸ ਲਈ ਕੰਮਜਿਤਨਾ ਜ਼ਿਆਦਾ ਨਾਪਸੰਦੀਦਾ ਹੁੰਦਾ ਜਾਂਦਾ ਹੈ ਉਸੇ ਨਿਸਬਤ ਨਾਲ ਉਜਰਤ ਵਿੱਚ ਕਮੀ ਹੁੰਦੀ ਜਾਂਦੀ ਹੈ। ਅਤੇ ਇਹੀ ਨਹੀਂ ਬਲਕਿ ਜਿਸ ਨਿਸਬਤ ਨਾਲ ਮਸ਼ੀਨਾਂ ਦਾ ਇਸਤੇਮਾਲ ਅਤੇ ਮਿਹਨਤ ਦੀ ਤਕਸੀਮ ਵਧਦੀ ਹੈ, ਉਸੇ ਨਿਸਬਤ ਨਾਲ ਮੁਸ਼ੱਕਤ ਦਾ ਬੋਝ ਵਧਦਾ ਹੈ। ਚਾਹੇ ਉਹ ਕੰਮ ਦੇ ਘੰਟੇ ਵਧਣ ਕਰਕੇ ਹੋਵੇ , ਮੁਕਰਰ ਵਕਤ ਵਿੱਚ ਜ਼ਿਆਦਾ ਕੰਮ ਲੈਣ ਕਰਕੇ ਹੋਵੇ ਜਾਂ ਮਸ਼ੀਨ ਕੀ ਰਫਤਾਰ ਤੇਜ਼ ਹੋ ਜਾਣ ਕਰਕੇ।

ਆਧੁਨਿਕ ਸਨਅਤ ਨੇ ਪਿਤਰੀ ਮਾਲਕ ਦੇ ਛੋਟੇ ਕਾਰਖ਼ਾਨੇ ਨੂੰ ਸਨਅਤੀ ਸਰਮਾਏਦਾਰ ਦੀ ਬੜੀ ਫੈਕਟਰੀ ਵਿੱਚ ਬਦਲ ਦਿੱਤਾ ਹੈ। ਮਜ਼ਦੂਰਾਂ ਦੇ ਸਮੂਹ ਫ਼ੈਕਟਰੀ ਵਿੱਚ ਜਮਹਾ ਕਰ ਕੇ ਫ਼ੌਜੀ ਸਿਪਾਹੀਆਂ ਦੀ ਤਰ੍ਹਾਂ ਉਹਨਾਂ ਦੀ ਤਨਜ਼ੀਮ ਕੀਤੀ ਹੈ। ਅਫ਼ਸਰਾਂ ਅਤੇ ਹੋਲਦਾਰਾਂ ਦਾ ਇਕ ਪੂਰਾ ਸਿਲਸਿਲਾ ਹੈ ਜਿਹਨਾਂ ਦੀ ਕਮਾਨ ਵਿੱਚ ਉਹਨਾਂ ਨੂੰ ਸਨਅਤੀ ਫ਼ੌਜ ਦੇ ਆਮ ਸਿਪਾਹੀਆਂ ਦੀ ਤਰ੍ਹਾਂ ਰਖਿਆ ਗਿਆ ਹੈ। ਉਹ ਸਿਰਫ਼ ਬੁਰਜ਼ੁਆ ਤਬਕੇ ਅਤੇ ਬੁਰਜ਼ੁਆ ਰਿਆਸਤ ਦੇ ਗ਼ੁਲਾਮ ਨਹੀਂ ਹਨ , ਉਹ ਹਰ ਦਿਨ ਅਤੇ ਹਰ ਘੜੀ ਮਸ਼ੀਨ ਦੀ , ਨਿਗਰਾਨਕਾਰ ਦੀ , ਸਭ ਤੋਂ ਵਧ ਸਕਦਾ ਤੌਰ ਤੇ ਕਾਰਖ਼ਾਨੇ ਦੇ ਮਾਲਿਕ ਬੁਰਜ਼ੁਆ ਦੀ ਗ਼ੁਲਾਮੀ ਕਰਦੇ ਹਨ। ਇਹ ਜ਼ਾਲਮਾਨਾ ਨਿਜ਼ਾਮ ਜਿਸ ਕਦਰ ਖੁੱਲੇ ਆਮ ਨਫ਼ਾ ਖ਼ੋਰੀ ਨੂੰ ਅਪਣੀ ਗ਼ਰਜ਼ ਅਤੇ ਮੰਤਵ ਬਣਾਉਂਦਾ ਹੈ, ਉਸ ਕਦਰ ਵਧੇਰੇ ਜ਼ਲੀਲ, ਵਧੇਰੇ ਨਫ਼ਰਤਯੋਗ ਅਤੇ ਵਧੇਰੇ ਤਲਖ਼ ਹੋ ਜਾਂਦਾ ਹੈ।

ਜਿਸਮਾਨੀ ਮਿਹਨਤ ਵਿੱਚ ਮੁਹਾਰਤ ਅਤੇ ਤਾਕਤ ਸਰਫ਼ ਕਰਨ ਦੀ ਜ਼ਰੂਰਤ ਜਿਸ ਕਦਰ ਘੱਟ ਹੁੰਦੀ ਜਾਂਦੀ ਹੈ ਯਾਨੀ ਦੂਸਰੇ ਲਫ਼ਜ਼ਾਂ ਵਿੱਚ ਆਧੁਨਿਕ ਸਨਅਤ ਜਿਤਨੀ ਜ਼ਿਆਦਾ ਤਰੱਕੀ ਕਰਦੀ ਜਾਂਦੀ ਹੈ ਉਸ ਕਦਰ ਔਰਤਾਂ ਦਾ ਕੰਮ ਮਰਦਾਂ ਦੇ ਕੰਮ ਦੀ ਜਗ੍ਹਾ ਲੈਂਦਾ ਜਾਂਦਾ ਹੈ। ਮਜ਼ਦੂਰ ਜਮਾਤ ਦੇ ਲਈ

ਉਮਰ ਅਤੇ ਲਿੰਗ ਦੇ ਅਧਾਰ ਤੇ ਵਖਰੇਵਾਂ ਕਾਇਮ ਕਰਨ ਦੀ ਹੁਣ ਕੋਈ ਸਮਾਜੀ ਸਾਰਥਿਕਤਾ ਬਾਕੀ ਨਹੀਂ ਰਹਿੰਦੀ। ਸਭ ਮਿਹਨਤ ਦੇ ਔਜ਼ਾਰ ਹੁੰਦੇ ਹਨ ਜਿਹਨਾਂ ਦੀ ਕੀਮਤ ਉਹਨਾਂ ਦੀ ਉਮਰ ਅਤੇ ਲਿੰਗ ਦੇ ਲਿਹਾਜ਼ ਵਧਦੀ ਘਟਦੀ ਰਹਿੰਦੀ ਹੈ।

ਜਿਓਂ ਹੀ ਕਾਰਖ਼ਾਨੇਦਾਰ ਹਥੋਂ ਮਜ਼ਦੂਰ ਦੀ ਲੁੱਟ ਕੁਛ ਦੇਰ ਲਈ ਬੰਦ ਹੁੰਦੀ ਹੈ ਅਤੇ ਉਸਨੂੰ ਉਹਦੀ ਉਜਰਤ ਦੇ ਨਕਦ ਪੈਸੇ ਮਿਲਦੇ ਹਨ , ਬੁਰਜ਼ੁਆ ਤਬਕੇ ਦੇ ਦੂਸਰੇ ਹਿੱਸੇ ਮਾਲਿਕ ਮਕਾਨ, ਦੁਕਾਨਦਾਰ, ਸਾਹੂਕਾਰ ਵਗ਼ੈਰਾ ਉਸ ਉਪਰ ਟੁੱਟ ਪੈਂਦੇ ਹਨ।

ਦਰਮਿਆਨੀ ਤਬਕੇ ਦੇ ਹੇਠਲੇ ਹਿੱਸੇ ਛੋਟੇ ਕਾਰਖ਼ਾਨੇਦਾਰ , ਛੋਟੇ ਤਾਜਰ ਅਤੇ ਆਮ ਤੌਰ ਤੇ ਰਿਟਾਇਰ ਤਾਜਰ, ਦਸਤਕਾਰ ਅਤੇ ਕਿਸਾਨ ਇਹ ਸਭ ਗਿਰਦੇ ਗਿਰਦੇ ਪ੍ਰੋਲਤਾਰੀ ਵਿੱਚ ਜਾ ਮਿਲਦੇ ਹਨ। ਕੁਛ ਤਾਂ ਇਸ ਕਰਕੇ ਕਿ ਜਿਸ ਪੈਮਾਨੇ ਪਰ ਆਧੁਨਿਕ ਸਨਅਤ ਚਲਾਈ ਜਾਂਦੀ ਹੈ ਉਸ ਲਈ ਉਹਨਾਂ ਦਾ ਨਿਗੂਣਾ ਸਰਮਾਇਆ ਕਾਫੀ ਨਹੀਂ ਹੁੰਦਾ ਅਤੇ ਬੜੇ ਸਰਮਾਏਦਾਰਾਂ ਦੇ ਮੁਕਾਬਲੇ ਵਿੱਚ ਉਹ ਡੁੱਬ ਜਾਂਦੇ ਹਨ। ਅਤੇ ਕੁਛ ਇਸ ਕਰਕੇ ਕਿ ਉਹਨਾਂ ਦਾ ਮਖ਼ਸੂਸ ਹੁਨਰ , ਉਹਨਾਂ ਦੀ ਸਪੈਸਲਟੀ ਪੈਦਾਵਾਰ ਦੇ ਨਵੇਂ ਤਰੀਕਿਆਂ ਦੀ ਬਦੌਲਤ ਕਿਸੇ ਕੰਮ ਦੀ ਨਹੀਂ ਰਹਿੰਦੀ। ਇਸ ਤਰ੍ਹਾਂ ਆਬਾਦੀ ਦੇ ਹਰ ਤਬਕੇ ਵਿੱਚੋਂ ਲੋਕ ਭਰਤੀ ਹੋ ਹੋ ਕੇ ਪ੍ਰੋਲਤਾਰੀ ਵਿੱਚ ਆਉਂਦ ੇਰਹਿੰਦੇ ਹਨ।

ਮਜ਼ਦੂਰ ਜਮਾਤ ਵਿਕਾਸ ਦੀਆਂ ਕਈ ਮੰਜਲਾਂ ਵਿੱਚੀਂ ਗੁਜ਼ਰਦੀ ਹੈ। ਪੈਦਾ ਹੁੰਦਿਆਂ ਹੀ ਬੁਰਜ਼ੁਆ ਜਮਾਤ ਨਾਲ ਉਸ ਦੀ ਜਦੋਜਹਿਦ ਸ਼ੁਰੂ ਹੋ ਜਾਂਦੀ ਹੈ। ਸ਼ੁਰੂ ਸ਼ੁਰੂਵਿੱਚ ਕਿਸੇ ਇਕ ਬੁਰਜ਼ੁਆ ਦੇ ਖ਼ਿਲਾਫ਼ ਜੋ ਉਹਨਾਂ ਦਾ ਪ੍ਰਤੱਖ ਸੋਸ਼ਣ ਕਰ ਰਿਹਾ ਹੁੰਦਾ ਹੈ, ਇਕੇ ਦੁੱਕੇ ਮਜ਼ਦੂਰ ਮੁਕਾਬਲੇ ਲਈ ਉਤਰਦੇ ਹਨ। ਫਿਰ ਇਕ ਫ਼ੈਕਟਰੀ ਵਿੱਚ ਕੰਮ ਕਰਨ ਵਾਲੇ ਅਤੇ ਉਸ ਦੇ ਬਾਅਦ ਇਕ ਇਲਾਕੇ ਵਿੱਚ ਇਕ ਪੂਰੀ ਸਨਅਤ ਦੇ ਮਜ਼ਦੂਰ ।ਉਹਨਾਂ ਦੇ ਅਸੀਂ ਲੇ ਦਾ ਰੁਖ ਬੁਰਜ਼ੁਆ ਪੈਦਾਵਾਰੀ ਹਾਲਤਾਂ ਦੇ ਖ਼ਿਲਾਫ਼ ਨਹੀਂ ਬਲਕਿਖ਼ੁਦ ਪੈਦਾਵਾਰ ਦੇ ਸੰਦਾਂ ਦੇ ਖ਼ਿਲਾਫ਼ ਹੁੰਦਾ ਹੈ। ਉਹ ਬਾਹਰ ਤੋਂ ਆਏ ਸਾਜ਼ ਸਮਾਨ ਨੂੰ ਜੋ ਉਹਨਾਂ ਦੀ ਮਿਹਨਤ ਨਾਲ ਮੁਕਾਬਲਾ ਕਰਦੇ ਹਨ , ਬਰਬਾਦ ਕਰ ਦਿੰਦੇ ਹਨ । ਉਹ ਮਸ਼ੀਨਾਂ ਪਾਸ਼ ਪਾਸ਼ ਕਰ ਦਿੰਦੇ ਹਨ। ਕਾਰਖ਼ਾਨਿਆਂ ਵਿੱਚ ਅੱਗ ਲਗਾ ਦਿੰਦੇ ਹਨ ਅਤੇ ਮਧਕਾਲ ਦੇ ਕਾਰੀਗਰਦੇ ਖੋਏ ਹੋਏ ਰੁਤਬੇ ਨੂੰ ਜ਼ਬਰਦਸਤੀ ਬਹਾਲ ਕਰਨਾ ਚਾਹੁੰਦੇ ਹਨ।

ਇਸ ਵਕਤ ਮਜ਼ਦੂਰ ਤਿੱਤਰ ਬਿੱਤਰ ਹਾਲਤ ਵਿੱਚ ਸਾਰੇ ਮੁਲਕ ਵਿੱਚ ਬਿਖਰੇ ਹੁੰਦੇ ਹਨ। ਆਪਸੀ ਮੁਕਾਬਲੇ ਕਾਰਨ ਉਹਨਾਂ ਦਾ ਸ਼ੀਰਾਜ਼ਾ ਖਿੰਡਿਆ ਰਹਿੰਦਾ ਹੈ। ਅਗਰ ਕਿਤੇ ਕਿਤੇ ਉਹ ਮਿਲ ਕੇ ਜ਼ਿਆਦਾ ਗੱਠੀ ਹੋਈ ਜਮਾਤ ਬਣਾਉਂਦੇ ਹਨ ਤਾਂ ਇਹ ਅਜੇ ਉਹਨਾਂ ਦੇ ਆਪਣੇ ਅਮਲੀ ਇਤਹਾਦ ਦਾ ਨਤੀਜਾ ਨਹੀਂ ਬਲਕਿ ਬੁਰਜ਼ੁਆ ਤਬਕੇ ਕੇ ਇਤਹਾਦ ਦਾ ਨਤੀਜਾ ਹੁੰਦਾ ਹੈ। ਇਹ ਜਮਾਤ ਖ਼ੁਦ ਅਪਣਾ ਸਿਆਸੀ ਮਕਸਦ ਪੂਰਾ ਕਰਨ ਲਈ ਮਜਬੂਰ ਹੁੰਦੀ ਹੈ ਕਿ ਪੂਰੇ ਮਜ਼ਦੂਰ ਤਬਕੇਨੂੰ ਹਰਕਤ ਵਿੱਚ ਲਿਆਏ ਅਤੇ ਉਸ ਵਿੱਚ ਉਸ ਵਕਤ ਤੱਕ ਐਸਾ ਕਰਨ ਦੀ ਸਮਰਸੀ ਵੀ ਹੁੰਦੀ ਹੈ। ਇਸ ਲਈ ਉਸ ਮਰਹਲੇ ਤੇ ਮਜ਼ਦੂਰ ਜਮਾਤ ਆਪਣੇ ਦੁਸ਼ਮਨਾਂ ਨਾਲ ਨਹੀਂ ਬਲਕਿ ਆਪਣੇ ਦੁਸ਼ਮਨਾਂ ਦੇ ਦੁਸ਼ਮਨਾਂ ਨਾਲ ਨਿਰੰਕੁਸ਼ ਬਾਦਸ਼ਾਹਤ ਦੀ ਰਹਿੰਦ ਖੂੰਹਦ ਨਾਲ , ਜ਼ਮੀਦਾਰਾਂ ਨਾਲ , ਗ਼ੈਰ ਸਨਅਤੀ ਬੁਰਜ਼ੁਆ ਅਤੇ ਪੈਟੀ ਬੁਰਜ਼ੁਆ ਤਬਕੇ ਨਾਲ ਲੜਦਾ ਹੈ। ਇਸ ਤਰਾਂ ਸਮੁਚੀ ਤਾਰੀਖ਼ ਦੀ ਸਾਰੀ ਹਰਕਤ ਦੀ ਬਾਗ ਡੋਰ ਬੁਰਜ਼ੁਆ ਤਬਕੇ ਦੇ ਹੱਥਿਵਿੱਚ

ਹੁੰਦੀ ਹੈ।ਅਤੇ ਇਹਨਾਂ ਹਾਲਤਾਂ ਵਿੱਚ ਜੋ ਫ਼ਤਿਹ ਹਾਸਲ ਹੁੰਦੀ ਹੈ ਉਹ ਬੁਰਜ਼ੁਆ ਤਬਕੇ ਦੀ ਫ਼ਤਿਹ ਹੁੰਦੀ ਹੈ।

ਪਰ ਸਨਅਤ ਦੀ ਤਰੱਕੀ ਨਾਲ ਮਜ਼ਦੂਰ ਜਮਾਤ ਸਿਰਫ਼ ਤਾਦਾਦ ਵਿੱਚ ਹੀ ਨਹੀਂ ਵਧਦੀ ਬਲਕਿ ਉਹ ਭਾਰੀ ਤਾਦਾਦ ਵਿੱਚ ਕੇਂਦ੍ਰਿਤ ਹੋਣ ਲੱਗ ਜਾਂਦੀ ਹੈ ਇਸ ਦੀ ਤਾਕਤ ਵਧਦੀ ਹੈ ਅਤੇ ਉਸ ਨੂੰ ਰੋਜ਼ ਬਰੋਜ਼ ਅਪਣੀ ਤਾਕਤ ਦਾ ਅਹਿਸਾਸ ਹੋਣ ਲਗਦਾ ਹੈ। ਜਿਵੇਂ ਜਿਵੇਂ ਮਸ਼ੀਨ ਮਿਹਨਤ ਦੇ ਤਮਾਮ ਫਰਕ ਮਿਟਾਉਂਦੀ ਜਾਂਦੀ ਹੈ ਅਤੇ ਤਕਰੀਬਨ ਹਰ ਜਗ੍ਹਾ ਉਜਰਤਾਂ ਨੂੰ ਇਕੋ ਨੀਵੀਂ ਸੱਤਾ ਪਰ ਲੈ ਆਉਂਦੀ ਹੈ, ਉਸੇ ਨਿਸਬਤ ਨਾਲ ਮਜ਼ਦੂਰ ਤਬਕੇ ਦੀਆਂ ਸਫਾਂ ਅੰਦਰ ਵੱਖ ਵੱਖ ਮੁਫ਼ਾਦ ਅਤੇ ਜ਼ਿੰਦਗੀ ਦੀਆਂ ਵੱਖ ਵੱਖ ਹਾਲਤਾਂ ਵਿੱਚ ਇੱਕਸਾਰਤਾ ਵਧਦੀ ਜਾਂਦੀ ਹੈ। ਬੁਰਜ਼ੁਆ ਤਬਕੇ ਵਿੱਚ ਵਧ ਰਿਹਾ ਮੁਕਾਬਲਾ ਅਤੇ ਉਸ ਦੀ ਬਦੌਲਤ ਤਜਾਰਤੀ ਸੰਕਟ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਆਏ ਦਿਨ ਉਤਾਰ ਚੜਾਅ ਪੈਦਾ ਕਰਦੇ ਰਹਿੰਦੇ ਹਨ।ਮਸ਼ੀਨਾਂ ਵਿੱਚ ਨਿੱਤ ਨਵੇਂ ਸੁਧਾਰ ਅਤੇ ਉਹਨਾਂ ਦੀ ਤੇਜ਼ ਤੋਂ ਤੇਜ਼ਤਰ ਤਰੱਕੀ ਕਰਨ ਮਜ਼ਦੂਰਾਂ ਦੀ ਰੋਜ਼ੀ ਦਿਨ ਬਦਿਨ ਖ਼ਤਰੇ ਵਿੱਚ ਪੈਂਦੀ ਜਾਂਦੀ ਹੈ। ਇਕੇ ਦੁੱਕੇ ਮਜ਼ਦੂਰ ਅਤੇ ਬੁਰਜ਼ੁਆ ਲੋਕਾਂ ਦੀਆਂ ਝੜਪਾਂ ਰੋਜ਼ ਬਰੋਜ਼ ਦੋ ਜਮਾਤਾਂ ਦੀ ਟੱਕਰ ਦੀ ਸੂਰਤ ਇਖ਼ਤਿਆਰ ਕਰਦੀਆਂ ਜਾਂਦੀਆਂ ਹਨ ਅਤੇ ਫਿਰ ਬੁਰਜ਼ੁਆਜ਼ੀ ਦੇ ਖ਼ਿਲਾਫ਼ ਮਜ਼ਦੂਰ ਆਪਣੀਆਂ ਟ੍ਰੇਡ ਯੂਨੀਅਨਾਂ ਬਨਾਉਣ ਲਗਦੇ ਹਨ। ਉਜਰਤ ਦੀ ਦਰ ਕਾਇਮ ਰੱਖਣ ਲਈ ਉਹ ਆਪਸ ਵਿੱਚ ਮਿਲ ਜਾਂਦੇ ਹਨ। ਅਪਣੀਆਂ ਵਕਤੀ ਬਗ਼ਾਵਤਾਂ ਲਈ ਪਹਿਲਾਂ ਤੋਂ ਬੰਦੋਬਸਤ ਕਰਨ ਦੇ ਮਕਸਦ ਲਈ ਉਹ ਸਸੀ ਈ ਸੰਗਠਨ ਕਾਇਮ ਕਰਦੇ ਹਨ।ਕਦੇ ਕਦੇ ਇਹ ਟੱਕਰ ਖੁੱਲੀ ਬਗ਼ਾਵਤ ਦੀ ਸੂਰਤ ਇਖ਼ਤਿਆਰ ਕਰ ਲੈਂਦੀ ਹੈ।

ਕਦੇ ਕਦਾਈਂ ਮਜਦੂਰਾਂ ਦੀ ਜਿੱਤ ਹੁੰਦੀ ਹੈ ਮਗਰ ਚੰਦ ਰੋਜ਼ ਲਈ। ਉਹਨਾਂ ਦੀ ਜਦੋਜਹਿਦ ਦਾ ਅਸਲੀ ਫਲ ਫ਼ੌਰੀ ਕਾਮਯਾਬੀਆਂ ਵਿੱਚ ਨਹੀਂ ਬਲਕਿ ਮਜ਼ਦੂਰਾਂ ਦੇ ਦਿਨ ਬਦਿਨ ਵਧਦੇ ਹੋਏ ਇਤਹਾਦ ਵਿੱਚ ਹੁੰਦਾ ਹੈ। ਇਸ ਇਤਹਾਦ ਨੂੰ ਸੰਚਾਰ ਦੇ ਉਹਨਾਂ ਤਰੱਕੀ ਯਾਫ਼ਤਾ ਵਸੀਲਿਆਂ ਤੋਂ ਬੜੀ ਮਦਦ ਮਿਲਦੀ ਹੈ ਜਿਨ੍ਹਾਂ ਨੂੰ ਆਧੁਨਿਕ ਸਨਅਤ ਨੇ ਜਨਮ ਦਿੱਤਾ ਹੈ ਅਤੇ ਜਿਨਾਂ ਦੀ ਮਦਦ ਨਾਲ ਵੱਖ ਵੱਖ ਸੀਵਾਂ ਦੇ ਮਜ਼ਦੂਰਾਂ ਵਿੱਚ ਰਾਬਤਾ ਪੈਦਾ ਹੁੰਦਾ ਹੈ। ਅਤੇ ਉਹੀ ਰਾਬਤਾ ਹੈ ਜਿਸ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਸੀ ਤਾਕਿ ਤਮਾਮ ਮੁਕਾਮੀ ਜਦੋਜਹਿਦਾਂ ਨੂੰ ਜਿਹਨਾਂ ਦਾ ਚਰਿਤਰ ਸਭ ਜਗ੍ਹਾ ਇਕੋ ਸੀ ਕੌਮੀ ਤੌਰ ਤੇ ਇੱਕੋ ਜਮਾਤੀ ਜਦੋਜਹਿਦ ਦੇ ਰੂਪ ਵਿੱਚ ਕੇਂਦ੍ਰਿਤ ਕੀਤਾ ਜਾ ਸਕੇ। ਲੇਕਿਨ ਹਰ ਜਮਾਤੀ ਜਦੋਜਹਿਦ ਇਕ ਸਿਆਸੀ ਜਦੋਜਹਿਦ ਹੈ। ਅਤੇ ਉਹ ਇਤਹਾਦ ਜਿਸ ਨੂੰ ਹਾਸਲ ਕਰਨ ਲਈ ਮਧਕਾਲ ਦੇ ਸ਼ਹਿਰੀਆਂ ਨੂੰ ਅਪਣੀਆਂ ਖ਼ਸਤਾ ਹਾਲ ਸ਼ਾਹਰਾਹਾਂ ਕਾਰਨ ਸਦੀਆਂ ਦਰਕਾਰ ਸਨ , ਆਧੁਨਿਕ ਮਜ਼ਦੂਰ ਤਬਕੇ ਨੇ ਰੇਲਾਂ ਦੀ ਬਰਕਤ ਨਾਲ ਚੰਦ ਸਾਲਾਂ ਵਿੱਚ ਕਾਇਮ ਕਰ ਲਿਆ ਹੈ।

ਇਕ ਤਬਕੇ ਦੀ ਸੂਰਤ ਵਿੱਚ ਅਤੇ ਉਸ ਦੇ ਨਤੀਜੇ ਦੇ ਤੌਰ ਪਰ ਇਕ ਸਿਆਸੀ ਪਾਰਟੀ ਵਿੱਚ ਮਜ਼ਦੂਰ ਤਬਕੇ ਦੀ ਇਹ ਤਨਜ਼ੀਮ ਖ਼ੁਦ ਮਜ਼ਦੂਰਾਂ ਦੇ ਆਪਸੀ ਮੁਕਾਬਲੇ ਦੀ ਬਦੌਲਤ ਬਰਾਬਰ ਉਲਟਦੀ ਰਹਿੰਦੀ ਹੈ। ਲੇਕਿਨ ਹਰ ਬਾਰ ਉਹ ਪਹਿਲਾਂ ਤੋਂ ਜ਼ਿਆਦਾ ਮਜ਼ਬੂਤ ਜ਼ਿਆਦਾ ਪਾਏਦਾਰ ਅਤੇ ਜ਼ਿਆਦਾ ਤਾਕਤਵਰ ਹੋ ਕੇ ਉਠ ਖੜੀ ਹੁੰਦੀ ਹੈ ਅਤੇ ਖ਼ੁਦ ਬੁਰਜ਼ੁਆ ਤਬਕੇ ਦੇ ਅੰਦਰ ਦੀ ਫੁੱਟ ਤੋਂ ਫ਼ਾਇਦਾ ਉੱਠਾਕੇ ਉਹ ਮਜ਼ਦੂਰਾਂ ਦੇ ਖ਼ਾਸ ਮੁਫ਼ਾਦ ਕਾਨੂੰਨ ਦੀ ਨਜ਼ਰ ਵਿੱਚ ਤਸਲੀਮ ਕਰਾ ਲੈਂਦੀ ਹੈ। ਇਸ ਤਰਾਂ ਇੰਗਲੈਂਡ ਵਿੱਚ ਦਸ ਘੰਟੇ ਦਿਹਾੜੀ ਦਾ ਕਾਨੂਨ ਮਨਜ਼ੂਰ ਹੋਇਆ ਸੀ।

ਕੁੱਲ ਮਿਲਾ ਕੇ ਪੁਰਾਣੇ ਸਮਾਜ ਦੀਆਂ ਜਮਾਤਾਂ ਦੀਆਂ ਆਪਸੀ ਟਕਰਾਂ ਮਜ਼ਦੂਰ ਤਬਕੇ ਦੇ ਵਿਕਾਸ ਵਿੱਚ ਕਈ ਤਰ੍ਹਾਂ ਨਾਲ ਮਦਦਗਾਰ ਹੁੰਦੀਆਂ ਹਨ। ਬੁਰਜ਼ੁਆ ਜਮਾਤ ਆਪਣੇ ਆਪ ਨੂੰ ਨਿਰੰਤਰ ਜਦੋਜਹਿਦ ਵਿੱਚ ਘਿਰੀ ਹੋਈ ਪਾਉਂਦੀ ਹੈ। ਸ਼ੁਰੂ ਵਿੱਚ ਅਮੀਰਸ਼ਾਹੀ ਦੇ ਖ਼ਿਲਾਫ਼ ਫਿਰ ਬੁਰਜ਼ੁਆ ਤਬਕੇ ਦੇ ਉਹਨਾਂ ਹਿਸਿਆਂ ਦੇ ਖ਼ਿਲਾਫ਼ ਜਿਹਨਾਂ ਦੇ ਮੁਫ਼ਾਦ ਸਨਅਤ ਦੀ ਤਰੱਕੀ ਨਾਲ ਟਕਰਾਉਣ ਲਗਦੇ ਹਨ ਅਤੇ ਸਾਰੀ ਬਦੇਸੀ ਬੁਰਜ਼ੁਆਜ਼ੀ ਦੇ ਖ਼ਿਲਾਫ਼ ਤਾਂ ਹਮੇਸ਼ਾ ਹੀ। ਇਹਨਾਂ ਸਭ ਲੜਾਈਆਂ ਵਿੱਚ ਉਹ ਮਜਬੂਰ ਹੁੰਦੀ ਹੈ ਕਿ ਮਜ਼ਦੂਰ ਤਬਕੇ ਨੂੰ ਅਪੀਲ ਕਰੇ, ਉਸ ਤੋਂ ਮਦਦ ਮੰਗੇ ਅਤੇ ਇਸ ਤਰ੍ਹਾਂ ਉਸ ਨੂੰ ਸਿਆਸਤ ਦੇ ਮੈਦਾਨ ਵਿੱਚ ਘਸੀਟ ਲਵੇ। ਇਸ ਤਰਾਂ ਖ਼ੁਦ ਬੁਰਜ਼ੁਆ ਜਮਾਤ ਪ੍ਰੋਲਤਾਰੀ ਨੂੰ ਅਪਣੀ ਸਿਆਸੀ ਅਤੇ ਆਮ ਤਾਲੀਮ ਦੇ ਅੰਸ਼ ਸਪਲਾਈ ਕਰਦੀ ਹੈ। ਦੂਸਰੇ ਲਫ਼ਜ਼ਾਂ ਵਿੱਚ ਉਹ ਖ਼ੁਦ ਪ੍ਰੋਲਤਾਰੀ ਨੂੰ ਬੁਰਜ਼ੁਆ ਤਬਕੇ ਨਾਲ ਲੜਨ ਦੇ ਹਥਿਆਰ ਦਿੰਦੀ ਹੈ। ਫਿਰ ਅਸੀਂ ਇਹ ਵੀ ਦੇਖ ਚੁੱਕੇ ਹਾਂ ਕਿ ਸਨਅਤ ਦੀ ਤਰੱਕੀ ਨਾਲ ਹੁਕਮਰਾਨ ਜਮਾਤਾਂ ਦੇ ਬਾਅਜ਼ ਪੂਰੇ ਦੇ ਪੂਰੇ ਗਰੋਹ ਤਬਾਹ ਹੋ ਕੇ ਮਜ਼ਦੂਰ ਤਬਕੇ ਵਿੱਚ ਆ ਮਿਲਦੇ ਹਨ।ਜਾਂ ਕਮ ਅਜ਼ ਕਮ ਉਹਨਾਂ ਦੀਆਂ ਜ਼ਿੰਦਗੀ ਦੀਆਂ ਹਾਲਤਾਂ ਵਿੱਚ ਤਬਾਹ ਹੋਣ ਦੇ ਖ਼ਤਰੇ ਮੰਡਰਾ ਰਹੇ ਹੁੰਦੇ ਹਨ। ਉਹਨਾਂ ਵਿੱਚੋਂ ਵੀ ਮਜ਼ਦੂਰ ਤਬਕੇ ਨੂੰ ਰੌਸ਼ਨ ਖ਼ਿਆਲੀ ਅਤੇ ਤਰੱਕੀ ਦੇ ਨਵੇਂ ਅੰਸ਼ ਮਿਲਦੇ ਹਨ।

ਆਖ਼ਰ ਜਦੋਂ ਜਮਾਤੀ ਜਦੋਜਹਿਦ ਦੇ ਫ਼ੈਸਲਾਕੁਨ ਲਮਹੇ ਕਰੀਬ ਆਉਂਦੇ ਹਨ ਤਾਂ ਹੁਕਮਰਾਨ ਤਬਕੇ ਦੇ ਅੰਦਰ ਅਤੇ ਦਰਅਸਲ ਪੂਰੇ ਪੁਰਾਣੇ ਸਮਾਜ ਦੇ ਅੰਦਰ ਇੰਤਸਾਰ ਦਾ ਇਹ ਸਿਲਸਿਲਾ ਇਤਨੀ ਸ਼ਦੀਦ ਅਤੇ ਨੁਮਾਇਆਂ(ਉਘੜਵੀਂ) ਸੂਰਤ ਇਖ਼ਤਿਆਰ ਕਰ ਲੈਂਦਾ ਹੈ ਕਿ ਹੁਕਮਰਾਨ ਤਬਕੇ ਦਾ ਇਕ ਮੁਖ਼ਤਸਰ ਗਰੋਹ ਉਸ ਨਾਲੋਂ ਟੁੱਟ ਕੇ ਅਲੱਗ ਹੋ ਜਾਂਦਾ ਹੈ ਅਤੇ ਇਨਕਲਾਬੀ ਤਬਕੇ ਵਿੱਚ ਆ ਮਿਲਦਾ ਹੈ। ਉਸ ਤਬਕੇ ਵਿੱਚ ਜਿਸ ਦੇ ਹਥ ਵਿੱਚ ਭਵਿੱਖ ਦੀ ਬਾਗ ਡੋਰ ਹੈ। ਜਿਸ ਤਰ੍ਹਾਂ ਇਸ ਤੋਂ ਪਹਿਲੇ ਦੌਰ ਵਿੱਚ ਅਮੀਰ ਸ਼ਾਹੀ ਦਾ ਇਕ ਹਿੱਸਾ ਬੁਰਜ਼ੁਆ ਤਬਕੇ ਨਾਲ ਆ ਮਿਲਿਆ ਸੀ ਉਸੇ ਤਰ੍ਹਾਂ ਅੱਜ ਬੁਰਜ਼ੁਆ ਤਬਕੇ ਦਾ ਇਕ ਹਿੱਸਾ ਪ੍ਰੋਲਤਾਰੀ ਦਾ ਸਾਸੀ ਬਣ ਜਾਂਦਾ ਹੈ ਅਤੇ ਖ਼ਾਸ ਕਰ ਬੁਰਜ਼ੁਆ ਵਿਚਾਰਵਾਨਾਂ ਦਾ ਉਹ ਹਿੱਸਾ ਜੋ ਇਸ ਬੁਲੰਦੀ ਤੇ ਪਹੁੰਚ ਗਿਆ ਹੈ ਕਿ ਸਮੁਚੇ ਤੌਰ ਤੇ ਤਾਰੀਖ਼ੀ ਗਤੀ ਨੂੰ ਸਿਧਾਂਤਕ ਤੌਰ ਤੇ ਸਮਝ ਸਕੇ।

ਬੁਰਜ਼ੁਆ ਤਬਕੇ ਦੇ ਰੂਬਰੂ ਇਸ ਵਕਤ ਜਿੰਨੀਆਂ ਜਮਾਤਾਂ ਖੜੀਆਂ ਹਨ ਉਹਨਾਂ ਵਿੱਚੋਂ ਇਕ ਪ੍ਰੋਲਤਾਰੀ ਹੀ ਹਕੀਕਤ ਵਿੱਚ ਇਨਕਲਾਬੀ ਹੈ। ਦੂਸਰੀਆਂ ਜਮਾਤਾਂ ਆਧੁਨਿਕ ਸਨਅਤ ਦੇ ਮੁਕਾਬਲੇ ਵਿੱਚ ਬਰਬਾਦ ਹੋ ਕੇ ਅਖੀਰ ਖਤਮ ਹੋ ਜਾਂਦੀਆਂ ਹਨ। ਪ੍ਰੋਲਤਾਰੀ ਉਸ ਦੀ ਮਖ਼ਸੂਸ ਅਤੇ ਲਾਜ਼ਮੀ ਪੈਦਾਵਾਰ ਹੈ।

ਹੇਠਲੀ ਦਰਮਿਆਨੀ ਪਰਤ , ਛੋਟੇ ਕਾਰਖ਼ਾਨੇਦਾਰ, ਦੁਕਾਨਦਾਰ ,ਦਸਤਕਾਰ ,ਕਿਸਾਨ ਇਹ ਸਾਰੇ ਹੀ ਬੁਰਜ਼ੁਆ ਤਬਕੇ ਨਾਲ ਲੜਦੇ ਹਨ ਤਾਕਿ ਉਹ ਦਰਮਿਆਨੀ ਪਰਤ ਦੀ ਅਪਣੀ ਹਸਤੀ ਨੂੰ ਮਿਟਣ ਤੋਂ ਬਚਾ ਸਕਣ। ਇਸ ਲਈ ਉਹ ਇਨਕਲਾਬੀ ਨਹੀਂ ਰੂੜੀਵਾਦੀ ਹਨ। ਇਤਨਾ ਹੀ ਨਹੀਂ ਉਹ ਪਿਛਾਖੜੀ ਵੀ ਹਨ ਕਿਉਂਕਿ ਉਹ ਤਾਰੀਖ਼ ਦੀ ਗੰਗਾ ਨੂੰ ਉਲਟਾ ਵਹਾਉਣਾ ਚਾਹੁੰਦੇ ਹਨ। ਅਗਰ ਕਦੇ ਉਹ ਇਨਕਲਾਬੀ ਬਣਦੇ ਹਨ ਤਾਂ ਸਿਰਫ਼ ਇਹ ਦੇਖ ਕੇ ਕਿ ਉਹਨਾਂ ਲਈ ਪ੍ਰੋਲਤਾਰੀ ਦੇ ਨਾਲ ਮਿਲਣ ਦੀ ਘੜੀ ਕਰੀਬ ਆ ਪਹੁੰਚੀ ਹੈ; ਕਿ ਉਹ ਆਪਣੇ ਹਾਲ ਦੇ ਨਹੀਂ ਭਵਿੱਖ ਦੇ ਮਫ਼ਾਦ ਦੀ ਹਿਫ਼ਾਜ਼ਤ ਕਰਦੇ ਹਨ ; ਕਿ ਉਹ ਪ੍ਰੋਲਤਾਰੀ ਦੇ ਨੁਕਤਾ ਨਜ਼ਰ ਪਰ ਪਹੁੰਚਣ ਲਈ ਖ਼ੁਦ ਆਪਣੇ ਨੁਕਤਾ ਨਜ਼ਰ ਤੋਂ

ਕਿਨਾਰਾਕਸੀ ਕਰ ਲੈਂਦੇ ਹਨ। ਹੋ ਸਕਦਾ ਹੈ ਕਿ "ਖਤਰਨਾਕ ਜਮਾਤ" (ਲੁੰਪਨ ਪ੍ਰੋਲਤਾਰੀ ) ਜੋ ਪੁਰਾਣੇ ਸਮਾਜ ਦੀਆਂ ਸਭ ਤੋਂ ਹੇਠਲੀਆਂ ਪਰਤਾਂ ਵਿੱਚੋਂ ਉਭਰੀ ਜਮਾਂ ਹੋਈ ਮੈਲ ਹੈ , ਕਿਤੇ ਕਿਤੇ ਪ੍ਰੋਲਤਾਰੀ ਇਨਕਲਾਬ ਦੀ ਤਹਿਰੀਕ ਦੀਆਂ ਬਰੂਹਾਂ ਵਿੱਚ ਆ ਜਾਏ। ਐਪਰ ਇਸ ਦੀ ਜ਼ਿੰਦਗੀ ਦੇ ਹਾਲਾਤ ਐਸੇ ਹਨ ਕਿ ਇਸ ਵਿੱਚ ਪਿਛਾਖੜੀਆਂ ਨਾਲ ਸਾਂਠ ਗਾਂਠ ਕਰਕੇ ਭਾੜੇ ਦਾ ਟੱਟੂ ਬਣਨ ਦਾ ਰੁਝਾਨ ਜ਼ਿਆਦਾ ਹੁੰਦਾ ਹੈ।

ਪ੍ਰੋਲਤਾਰੀ ਦੇ ਹਾਲਾਤ ਵਿਚੋਂ ਪੁਰਾਣੇ ਸਮਾਜ ਦੇ ਹਾਲਾਤ ਖ਼ਤਮ ਹੋ ਜਾਂਦੇ ਹਨ। ਪ੍ਰੋਲਤਾਰੀ ਦੀ ਕੋਈ ਮਲਕੀਅਤ ਨਹੀਂ। ਆਪਣੇ ਬੀਵੀ ਬੱਚਿਆਂ ਨਾਲ ਉਸ ਦੇ ਤਾਲੁਕਾਤ ਵਿੱਚ ਅਤੇ ਬੁਰਜ਼ੁਆ ਪਰਿਵਾਰਿਕ ਤਾਲੁਕਾਤ ਵਿੱਚ ਹੁਣ ਕੋਈ ਚੀਜ਼ ਸਾਂਝੀ ਨਹੀਂ ਰਹੀ। ਆਧੁਨਿਕ ਸਨਅਤੀ ਮਿਹਨਤ ਨੇ, ਸਰਮਾਏ ਦੀ ਆਧੁਨਿਕ ਗ਼ੁਲਾਮੀ ਨੇ, ਜੋ ਇੰਗਲੈਂਡ ਅਤੇ ਫ਼ਰਾਂਸ ਵਿੱਚ ਅਮਰੀਕਾ ਅਤੇ ਜਰਮਨੀ ਵਿੱਚ ਸਭ ਜਗ੍ਹਾ ਇਕ ਹੈ, ਇਸ ਕੋਲੋਂ ਕੌਮੀ ਕਿਰਦਾਰ ਦੀ ਹਰ ਨਿਸ਼ਾਨੀ ਖੋਹ ਲਈ ਹੈ। ਕਾਨੂੰਨ ,ਇਖਲਾਕ , ਮਜ਼ਹਬ ਸਭ ਉਸ ਲਈ ਬੁਰਜ਼ੁਆ ਜਮਾਤ ਦੇ ਢਕੌਂਸਲੇ ਤੋਂ ਜ਼ਿਆਦਾ ਕੁਝ ਨਹੀਂ ਹਨ ਜਿਹਨਾਂ ਵਿੱਚ ਇਕ ਇਕ ਦੇ ਪਿੱਛੇ ਬੁਰਜ਼ੁਆ ਮੁਫ਼ਾਦ ਘਾਤ ਲਗਾਈਂ ਬੈਠੇ ਹਨ।

ਪਹਿਲੇ ਦੀਆਂ ਤਮਾਮ ਜਮਾਤਾਂ ਨੇ ਜਦ ਕਦੇ ਗ਼ਾਲਿਬ ਹੋਈਆਂ ਤਾਂ ਉਹਨਾਂ ਨੇ ਆਪਣੇ ਹਾਸਲ ਕੀਤੇ ਰੁਤਬੇ ਨੂੰ ਪਾਏਦਾਰ ਬਨਾਉਣ ਲਈ ਪੂਰੇ ਸਮਾਜ ਨੂੰ ਆਪਣੇ ਹਥਿਆਉਣ ਦੇ ਨਿਜ਼ਾਮ ਦੇ ਤਾਬੇ ਕਰ ਦੇਣਾ ਚਾਹਿਆ। ਪ੍ਰੋਲਤਾਰੀ ਜਦ ਤੱਕ ਖ਼ੁਦ ਆਪਣੇ ਹਥਿਆਉਣ ਦੇ ਤਰੀਕੇ ਨੂੰ ਅਤੇ ਇਸ ਤਰਾਂ ਹਥਿਆਉਣ ਦੇ ਹਰੇਕ ਤਰੀਕੇ ਨੂੰ ਮਨਸੂਖ਼ ਨਾ ਕਰ ਦੇਵੇ ਸਮਾਜ ਦੀਆਂ ਪੈਦਾਵਾਰੀ ਸ਼ਕਤੀਆਂ ਦਾ ਮਾਲਿਕ ਨਹੀਂ ਬਣ ਸਕਦੀ। ਇਸ ਦਾ ਅਪਣਾ ਕੁਛ ਨਹੀਂ ਜਿਸ ਨੂੰ ਕਾਇਮ ਰੱਖਣਾ ਹੋਵੇ ਅਤੇ ਜਿਸ ਦੀ ਹਿਫ਼ਾਜ਼ਤ ਕਰਨੀ ਹੋਵੇ। ਇਸ ਦਾ ਮਿਸ਼ਨ ਜ਼ਾਤੀ ਮਲਕੀਅਤ ਦੀਆਂ ਪਹਿਲੀਆਂ ਸਾਰੀਆਂ ਹਿਫ਼ਾਜਤਾਂ ਅਤੇ ਜ਼ਮਾਨਤਾਂ ਨੂੰ ਮਿਟਾਉਣਾ ਹੈ।

ਪਹਿਲੀਆਂ ਤਮਾਮ ਤਾਰੀਖ਼ੀ ਤਹਿਰੀਕਾਂ ਘੱਟ ਗਿਣਤੀਆਂ ਦੀਆਂ ਤਹਿਰੀਕਾਂ ਸਨ ਜਾਂ ਘੱਟ ਗਿਣਤੀਆਂ ਦੇ ਹੱਕ ਵਿੱਚ ਸਨ। ਮਜ਼ਦੂਰ ਤਹਿਰੀਕ ਬਹੁਤ ਬੜੀ ਬਹੁਗਿਣਤੀ ਦੇ ਹੱਕ ਵਿੱਚ , ਬਹੁਤ ਬੜੀ ਬਹੁ ਗਿਣਤੀ ਦੇ ਮਫ਼ਾਦਾਂ ਲਈ ਆਜ਼ਾਦ ਤਹਿਰੀਕ ਹੈ। ਪ੍ਰੋਲਤਾਰੀ ਮੌਜੂਦਾ ਸਮਾਜ ਵਿੱਚ ਸਭ ਤੋਂ ਹੇਠਲੇ ਦਰਜੇ ਤੇ ਹੈ ਅਤੇ ਜਦ ਤੱਕ ਮੌਜੂਦਾ ਸਮਾਜ ਦੀਆਂ ਕਾਬਿਜ਼ ਪਰਤਾਂ ਦੇ ਪਰਖੱਚੇ ਨਾ ਉੜਾ ਦਿੱਤੇ ਜਾਣ ਉਹ ਨਾ ਤਾਂ ਜੁੰਬਸ਼ ਕਰ ਸਕਦਾ ਹੈ ਅਤੇ ਨਾ ਉਪਰ ਉੱਠ ਸਕਦਾ ਹੈ।

ਬੁਰਜ਼ੁਆ ਤਬਕੇ ਦੇ ਖ਼ਿਲਾਫ਼ ਪ੍ਰੋਲਤਾਰੀ ਦੀ ਜਦੋਜਹਿਦ ਸਾਰਤੱਤ ਦੇ ਲਿਹਾਜ ਤਾਂ ਨਹੀਂ, ਮਗਰ ਅਪਣੀ ਸੂਰਤ ਵਿੱਚ ਸ਼ੁਰੂ ਸ਼ੁਰੂ ਵਿੱਚ ਇਕ ਕੌਮੀ ਜਦੋਜਹਿਦ ਹੁੰਦੀ। ਜ਼ਾਹਿਰ ਹੈ ਕਿ ਹਰ ਮੁਲਕ ਦੇ ਪ੍ਰੋਲਤਾਰੀ ਨੂੰ ਸਭ ਤੋਂ ਪਹਿਲਾਂ ਆਪਣੀ ਹੀ ਬੁਰਜ਼ੁਆ ਜਮਾਤ ਨਾਲ ਨਿਪਟਣਾ ਪੈਂਦਾ ਹੈ। ਪ੍ਰੋਲਤਾਰੀ ਦੇ ਵਿਕਾਸ ਦੇ ਬਿਲਕੁਲ ਆਮ ਪੜਾਵਾਂ ਦਾ ਬਿਆਨ ਕਰਦੇ ਹੋਏ ਅਸੀਂ ਉਸ ਖ਼ਾਨਾ ਜੰਗੀ ਦਾ ਖ਼ਾਕਾ ਖਿਚਿਆ ਹੈ ਜੋ ਮੌਜੂਦਾ ਸਮਾਜ ਵਿੱਚ ਘੱਟ ਜਾਂ ਵਧ ਲੁਕਵੇਂ ਤੌਰ ਤੇ ਜ਼ੋਰ ਸ਼ੋਰ ਨਾਲ ਜਾਰੀ ਹੈ; ਜੋ ਵਿਕਾਸ ਕਰਦੀ ਉਸ ਬਿੰਦੂ ਤੇ ਪਹੁੰਚ ਜਾਂਦੀ ਹੈ ਜਿਥੋਂ ਇਹ ਖੁੱਲਮ ਖੁੱਲੇ ਇਨਕਲਾਬ ਦੀ ਸੂਰਤ ਇਖ਼ਤਿਆਰ ਕਰ ਲੈਂਦੀ ਹੈ ਅਤੇ ਬੁਰਜ਼ੁਆ ਤਬਕੇ ਦਾ ਤਖ਼ਤਾ ਜ਼ਬਰਦਸਤੀ ਉਲਟ ਕੇ ਪ੍ਰੋਲਤਾਰੀ ਦੇ ਦਬਦਬੇ ਦੀ ਬੁਨਿਆਦ ਰੱਖੀ ਜਾਂਦੀ ਹੈ। ਅਸੀਂ ਦੇਖਿਆ ਹੈ ਕਿ ਅੱਜ ਤੱਕ ਹਰ ਸਮਾਜ ਦੀ ਬੁਨਿਆਦ ਜ਼ਾਲਮ ਅਤੇ ਮਜ਼ਲੂਮ ਜਮਾਤਾਂ ਦੇ

ਵੈਰ ਵਿਰੋਧ ਉਪਰ ਰਹੀ ਹੈ। ਲੇਕਿਨ ਕਿਸੇ ਤਬਕੇ ਪਰ ਜ਼ੁਲਮ ਕਰਨ ਲਈ ਵੀ ਉਸ ਨੂੰ ਹਾਲਾਤ ਮੁਹੱਈਆ ਕਰਨ ਦੀ ਜ਼ਰੂਰਤ ਹੁੰਦੀ ਹੈ ਜਿਹਨਾਂ ਵਿੱਚ ਉਹ ਜਮਾਤ ਕਮ ਅਜ ਕਮ ਅਪਣੀ ਗ਼ੁਲਾਮਾਨਾ ਜ਼ਿੰਦਗੀ ਨੂੰ ਬਰਕਰਾਰ ਰੱਖ ਸਕੇ। ਜ਼ਰੱਈ ਗ਼ੁਲਾਮੀ ਦੇ ਜ਼ਮਾਨੇ ਵਿੱਚ ਜ਼ਰੱਈ ਗ਼ੁਲਾਮ ਉਪਰ ਉਠ ਕੇ ਕਮਿਊਨ ਦਾ ਮੈਂਬਰ ਬਣਿਆ। ਠੀਕ ਉਸੇ ਤਰ੍ਹਾਂ ਜਿਵੇਂ ਪੈਟੀ ਬੁਰਜ਼ੁਆ ਆਦਮੀ ਜਾਗੀਰਦਾਰਾਨਾ ਆਪਹੁਦਰਾਸ਼ਾਹੀ ਦੇ ਜੂਲੇ ਥੱਲੇ ਤਰੱਕੀ ਕਰਕੇ ਬੁਰਜ਼ੁਆ ਬਣ ਗਿਆ। ਇਸ ਉਲਟ ਆਧੁਨਿਕ ਮਜ਼ਦੂਰ ਸਨਅਤ ਦੇ ਵਧਣ ਦੇ ਨਾਲ ਉਪਰ ਉੱਠਣਦੇ ਬਜਾਏ ਆਪਣੇ ਤਬਕੇ ਕੇ ਮੌਜੂਦਾ ਜੀਵਨ ਮਿਆਰਾਂ ਤੋਂ ਵੀ ਨੀਚੇ ਗਿਰਦਾ ਜਾ ਰਿਹਾ ਹੈ। ਉਹ ਕੰਗਾਲ ਹੁੰਦਾ ਜਾ ਰਿਹਾ ਹੈ ਅਤੇ ਕੰਗਾਲੀ ਆਬਾਦੀ ਅਤੇ ਦੌਲਤ ਦੋਨਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧਦੀ ਹੈ।ਅਤੇ ਉਸ ਤੋਂ ਇਹ ਹਕੀਕਤ ਵਾਜ਼ਹ ਹੁੰਦੀ ਹੈ ਕਿ ਬੁਰਜ਼ੁਆ ਜਮਾਤ ਹੁਣ ਇਸ ਕਾਬਲ ਨਹੀਂ ਰਹੀ ਕਿ ਸਮਾਜ ਪਰ ਹੁਕਮਰਾਨੀ ਕਰ ਸਕੇ ਅਤੇ ਆਪਣੇ ਤਬਕੇ ਦੀਆਂ ਜੀਵਨ ਹਾਲਤਾਂ ਨੂੰ ਸਭਨਾ ਲਈ ਕਾਨੂੰਨ ਦਾ ਦਰਜਾ ਦੇ ਕੇ ਪੂਰੇ ਸਮਾਜ ਉਪਰ ਮੜ ਸਕੇ। ਉਹ ਹਕੂਮਤ ਕਰਨ ਦੇ ਕਾਬਿਲ ਨਹੀਂ ਰਹੀ ਕਿਉਂਕਿ ਉਹ ਆਪਣੇ ਗ਼ਲਾਮਾਂ ਨੂੰ ਅਪਣੀ ਗ਼ੁਲਾਮੀ ਵਿੱਚ ਵੀ ਜ਼ਿੰਦਗੀ ਦੀ ਜ਼ਮਾਨਤ ਨਹੀਂ ਦੇ ਸਕਦੀ ਕਿਉਂਕਿ ਉਹ ਉਹਨਾਂ ਨੂੰ ਇਸ ਕਦਰ ਨਿੱਘਰ ਜਾਣ ਤੋਂ ਨਹੀਂ ਰੋਕ ਸਕਦੀ ਕਿ ਬਜਾਏ ਖ਼ੁਦ ਉਹਨਾਂ ਤੋਂ ਰੋਟੀ ਹਾਸਲ ਕਰਨ ਦੇ ਉਸ ਨੂੰ ਖ਼ੁਦ ਉਹਨਾਂ ਨੂੰ ਰੋਟੀ ਦੇਣੀ ਪੈਂਦੀ ਹੈ। ਸਮਾਜ ਹੁਣ ਇਸ ਬੁਰਜ਼ੁਆ ਤਬਕੇ ਦੇ ਤਹਿਤ ਨਹੀਂ ਰਹਿ ਸਕਦੀ। ਦੂਸਰੇ ਲਫ਼ਜ਼ਾਂ ਵਿੱਚ ਹੁਣ ਉਸ ਦੇ ਵਜੂਦ ਦੀ ਸਮਾਜ ਨਾਲ ਕੋਈ ਮੁਤਾਬਕਤ ਨਹੀਂ ਰਹੀ।

ਬੁਰਜ਼ੁਆ ਤਬਕੇ ਦੇ ਵਜੂਦ ਅਤੇ ਦਬਦਬੇ ਦੀ ਲਾਜ਼ਮੀ ਸ਼ਰਤ ਇਹ ਹੈ ਕਿ ਸਰਮਾਇਆ ਬਰਾਬਰ ਬਣਦਾ ਅਤੇ ਵਧਦਾ ਰਹੇ। ਸਰਮਾਏ ਦੇ ਵਜੂਦ ਲਈ ਉਜਰਤੀ ਮਿਹਨਤ ਸ਼ਰਤ ਹੈ। ਉਜਰਤੀ ਮਿਹਨਤ ਖ਼ਸੂਸਨ ਤਮਾਮ ਮਜ਼ਦੂਰਾਂ ਦੇ ਆਪਸੀ ਮੁਕਾਬਲੇ ਉਪਰ ਮੁਨੱਸਰ ਹੈ। ਸਨਅਤ ਦੀ ਤਰੱਕੀ ਨਾਲ , ਜਿਸ ਨੂੰ ਬੁਰਜ਼ੁਆ ਜਮਾਤ ਆਪਮੁਹਾਰੇ ਅੱਗੇ ਵਧਾਉਂਦੀ ਹੈ, ਮਜ਼ਦੂਰਾਂ ਦੀ ਇਕ ਦੂਸਰੇ ਤੋਂ ਅਲਹਿਦਗੀ ਦੂਰ ਹੁੰਦੀ ਹੈ ਜੋ ਆਪਸੀ ਮੁਕਾਬਲੇ ਦਾ ਨਤੀਜਾ ਸੀ ਅਤੇ ਉਸ ਦੀ ਬਜਾਏ ਮਿਲ ਕੇ ਕੰਮ ਕਰਨ ਕਰਕੇ ਉਹਨਾਂ ਵਿੱਚ ਇਨਕਲਾਬੀ ਏਕਾ ਪੈਦਾ ਹੋਣ ਲਗਦਾ ਹੈ। ਇਸ ਤਰਾਂ ਆਧੁਨਿਕ ਸਨਅਤ ਦੀ ਤਰੱਕੀ ਨਾਲ ਉਹ ਬੁਨਿਆਦ ਹੀ ਗਾਇਬ ਹੋ ਜਾਂਦੀ ਹੈ ਜਿਸ ਪਰ ਬੁਰਜ਼ੁਆ ਜਮਾਤ ਮਾਲ ਪੈਦਾ ਕਰਦੀ ਅਤੇ ਉਸ ਨੂੰ ਆਪਣੀ ਮਲਕੀਅਤ ਬਣਾਉਂਦੀ ਹੈ। ਲਿਹਾਜ਼ਾ ਬੁਰਜ਼ੁਆ ਜਮਾਤ ਨੇ ਸਭ ਤੋਂ ਵਧ ਜਿਸ ਨੂੰ ਪੈਦਾ ਕੀਤਾ ਹੈ ਉਹ ਉਸ ਦੀ ਆਪਣੀ ਕਬਰ ਪੁੱਟਣ ਵਾਲੇ ਹਨ। ਉਸ ਦਾ ਪਤਨ ਅਤੇ ਪ੍ਰੋਲੇਤਾਰੀ ਦੀ ਫ਼ਤਿਹ ਲਾਜਮੀ ਹਨ।

# II. ਪਰੋਲਤਾਰੀ ਅਤੇ ਕਮਿਊਨਿਸਟ

ਸਮੁੱਚੇ ਤੌਰ ਤੇ ਪਰੋਲਤਾਰੀਆਂ ਨਾਲ ਕਮਿਊਨਿਸਟਾਂ ਦਾ ਕੀ ਤਾਅਲੁੱਕ ਹੈ? ਕਮਿਊਨਿਸਟ, ਮਜ਼ਦੂਰ ਜਮਾਤ ਦੀਆਂ ਦੂਸਰੀ ਪਾਰਟੀਆਂ ਦੇ ਖ਼ਿਲਾਫ਼ ਕੋਈ ਅਲੱਗ ਪਾਰਟ ਨਹੀਂ ਬਣਾਉਂਦੇ । ਸਮੁੱਚੇ ਤੌਰ ਤੇ ਪ੍ਰੋਲਤਾਰੀ ਜਮਾਤ ਦੇ ਮੁਫ਼ਾਦ ਦੇ ਸਿਵਾ ਅਤੇ ਉਸ ਤੋਂ ਜੁਦਾ ਉਹਨਾਂ ਦਾ ਕੋਈ ਮੁਫ਼ਾਦ ਨਹੀਂ। ਉਹ ਆਪਣੇ ਜੁਦਾ ਅਸੂਲ ਕਾਇਮ ਨਹੀਂ ਕਰਦੇ ਜਿਹਨਾਂ ਨਾਲ ਮਜ਼ਦੂਰ ਤਹਿਰੀਕ ਨੂੰ ਕੋਈ ਖ਼ਾਸ ਸ਼ਕਲ ਦਿੰਦੀ ਜਾਏ ਅਤੇ ਕਿਸੀ ਖ਼ਾਸ ਸਾਂਚੇ ਵਿੱਚ ਢਾਲਿਆ ਜਾਏ। ਕਮਿਊਨਿਸਟਾਂ ਦਾ ਮਜ਼ਦੂਰ ਜਮਾਤ ਦੀਆਂ ਦੂਸਰੀ ਪਾਰਟੀਆਂ ਨਾਲੋਂ ਅੱਡਰਾਪਣ ਸਿਰਫ਼ ਇਹ ਹੈ ਕਿ :1. ਵੱਖ ਵੱਖ ਮੁਲਕਾਂ ਦੇ ਮਜ਼ਦੂਰਾਂ ਦੀ ਕੌਮੀ ਜਦੋ ਜਹਿਦ ਵਿੱਚ ਉਹ ਸਭਨਾਂ ਕੌਮੀਅਤਾਂ ਤੋਂ ਉਪਰ ਉਠ ਕੇ ਪੂਰੇ ਮਜ਼ਦੂਰ ਜਮਾਤ ਦੇ ਸਾਂਝੇ ਮੁਫ਼ਾਦ ਪਰ ਜ਼ੋਰ ਦਿੰਦੇ ਅਤੇ ਉਹਨਾਂ ਨੂੰ ਨੁਮਾਇਆਂ ਕਰਦੇ ਹਨ। 2. ਬੁਰਜ਼ੁਆ ਜਮਾਤ ਦੇ ਖ਼ਿਲਾਫ਼ ਮਜ਼ਦੂਰ ਜਮਾਤ ਦੀ ਜਦੋਜਹਿਦ ਅਪਣੀ ਵਿਕਾਸ ਦੇ ਜਿਹਨਾਂ ਪੜਾਵਾਂ ਵਿੱਚੋਂ ਗੁਜਰਦੀ ਹੈ ਉਹਨਾਂ ਵਿੱਚ ਉਹ ਹਰ ਜਗ੍ਹਾ ਅਤੇ ਹਮੇਸ਼ਾ ਪੂਰੀ ਤਹਿਰੀਕ ਦੇ ਮੁਫ਼ਾਦ ਦੀ ਤਰਜਮਾਨੀ ਕਰਦੇ ਹਨ। ਇਸ ਲਈ ਇਕ ਤਰਫ਼ ਜਿਥੇ ਤੱਕ ਅਮਲ ਦਾ ਤਾਅਲੁੱਕ ਹੈ, ਕਮਿਊਨਿਸਟ ਹਰ ਮੁਲਕ ਦੀਆਂ ਮਜ਼ਦੂਰ ਪਾਰਟੀਆਂ ਵਿੱਚ ਸਭ ਤੋਂ ਉਂਨਤ ਅਤੇ ਸਾਬਤ ਕਦਮ ਦਸਤਾ ਹਨ, ਉਹ ਦਸਤਾ ਜੋ ਹਮੇਸ਼ਾ ਦੂਜਿਆਂ ਨੂੰ ਅੱਗੇ ਵਧਾਉਂਦਾ ਹੈ, ਅਤੇ ਦੂਸਰੀ ਤਰਫ਼ ਜਿਥੇ ਤੱਕ ਨਜ਼ਰੀਏ ਦਾ ਤਾਅਲੁੱਕ ਹੈ, ਆਮ ਮਜ਼ਦੂਰਾਂ ਨਾਲੋਂ ਉਹਨਾਂ ਨੂੰ ਫ਼ਾਇਦਾ ਇਹ ਹੈ ਕਿ ਉਹ ਮਜ਼ਦੂਰ ਤਹਿਰੀਕ ਦਾ ਅੱਗੇ ਵਧਣ ਦਾ ਰਸਤਾ ਪਹਿਚਾਣਦੇ ਹੁੰਦੇ ਹਨ । ਇਸ ਦੇ ਹਾਲਾਤ ਅਤੇ ਆਖ਼ਰੀ ਆਮ ਨਤੀਜਿਆਂ ਨੂੰ ਅੱਛੀ ਤਰ੍ਹਾਂ ਸਮਝਦੇ ਹੁੰਦੇ ਹਨ। ਕਮਿਊਨਿਸਟਾਂ ਦਾ ਫ਼ੌਰੀ ਮਕਸਦ ਉਹੀ ਹੈ ਜੋ ਮਜ਼ਦੂਰਾਂ ਦੀਆਂ ਬਾਕੀ ਸਾਰੀਆਂ ਪਾਰਟੀਆਂ ਦਾ ਜਾਨੀ ਇਹ ਕਿ ਮਜ਼ਦੂਰਾਂ ਦੀ ਇਕ ਜਮਾਤ ਬਣੇ, ਬੁਰਜ਼ੁਆ ਜਮਾਤ ਦਾ ਗ਼ਲਬਾ ਖ਼ਤਮ ਕੀਤਾ ਜਾਏ ਅਤੇ ਪ੍ਰੋਲਤਾਰੀ ਸਿਆਸੀ ਸੱਤਾ ਪਰ ਕਬਜ਼ਾ ਕਰੇ । ਕਮਿਊਨਿਸਟਾਂ ਦੇ ਸਿਧਾਂਤਿਕ ਨਤੀਜੇ ਹਰਗਿਜ਼ ਕਿਸੇ ਐਸੇ ਖ਼ਿਆਲ ਜਾਂ ਅਸੂਲ ਪਰ ਆਧਾਰਿਤ ਨਹੀਂ ਹਨ ਜਿਹਨਾਂ ਨੂੰ ਕਿਸੇ ਆਲਮਗੀਰ ਸੁਧਾਰ ਦਾ ਖ਼ਾਬ ਦੇਖਣ ਵਾਲੇ ਕਿਸੇ ਸੁਧਾਰਕ ਨੇ ਖੋਜ ਲਿਆ ਹੋਵੇ ਜਾਂ ਜੋ ਉਸ ਦੇ ਦਿਮਾਗ਼ ਦੀ ਉਪਜ ਹੋਣ । ਉਹ ਤਾਂ ਫ਼ਕਤ ਉਹਨਾਂ ਹਕੀਕੀ ਤਾਲੁਕਾਤ ਨੂੰ ਆਮ ਲਫ਼ਜਾਂ ਵਿੱਚ ਪੇਸ਼ ਕਰਦੇ ਹਨ ਜੋ ਮੌਜੂਦਾ ਜਮਾਤੀ ਜਦੋਜਹਿਦ ਤੋਂ ਪੈਦਾ ਹੋਏ ਹਨ, ਇਕ ਐਸੀ ਤਾਰੀਖ਼ੀ ਤਹਿਰੀਕ ਤੋਂ ਜੋ ਸਾਡੀਆਂ ਅੱਖਾਂ ਦੇ ਸਾਹਮਣੇ ਜਾਰੀ ਹੈ । ਜਾਇਦਾਦ ਦੇ ਮੌਜੂਦਾ ਤਾਲੁਕਾਤ ਨੂੰ ਮਿਟਾਣਾ ਕਮਿਊਨਿਜ਼ਮ ਦੀ ਕੋਈ ਅੱਡਰੀ ਸਿਫ਼ਤ ਨਹੀਂ ਹੈ ।ਬੀਤੇ ਜ਼ਮਾਨੇ ਵਿੱਚ ਤਾਰੀਖ਼ੀ ਹਾਲਾਤ ਦੇ ਬਦਲਣ ਪਰ ਜਾਇਦਾਦ ਦੇ ਸਾਰੇ ਤਾਲੁਕਾਤ ਵਿੱਚ ਬਰਾਬਰ ਤਾਰੀਖ਼ੀ ਤਬਦੀਲੀਆਂ ਹੁੰਦੀਆਂ ਰਹੀਆਂ ਹਨ । ਮਸਲਨ ਫ਼ਰਾਂਸ ਦੇ ਇਨਕਲਾਬ ਨੇ ਬੁਰਜ਼ੁਆ ਜਾਇਦਾਦ ਦੇ ਹੱਕ ਵਿੱਚ ਜਾਗੀਰਦਾਰ ਜਾਇਦਾਦ ਨੂੰ ਮਿਟਾ ਦਿਤਾ । ਕਮਿਊਨਿਜ਼ਮ ਦੀ ਅੱਡਰੀ ਸਿਫ਼ਤ ਆਮ ਤੌਰ ਪਰ ਜਾਇਦਾਦ ਨੂੰ ਨਹੀਂ ਬਲਕਿ ਬੁਰਜ਼ੁਆ ਜਾਇਦਾਦ ਨੂੰ ਮਿਟਾਣਾ ਹੈ। ਲੇਕਿਨ ਆਧੁਨਿਕ ਬੁਰਜ਼ੁਆ ਜ਼ਾਤੀ ਜਾਇਦਾਦ ਮਾਲ ਨੂੰ ਪੈਦਾ ਕਰਨ ਅਤੇ ਤਸਰਫ਼ ਵਿੱਚ ਲਿਆਣ ਦੇ ਉਸ ਨਿਜ਼ਾਮ ਦਾ ਆਖ਼ਰੀ ਅਤੇ ਸਭ ਤੋਂ ਮੁਕੰਮਲ ਇਜ਼ਹਾਰ ਹੈ ਜੋ ਜਮਾਤੀ ਵਿਰੋਧਾਂ ਅਤੇ ਚੰਦ ਲੋਕਾਂ ਦੇ ਹੱਥੋਂ ਅਕਸਰੀਅਤ ਦੇ ਸੋਸ਼ਣ ਪਰ ਆਧਾਰਿਤ ਹੈ।ਇਹਨਾਂ ਅਰਥਾਂ ਵਿੱਚ ਕਿਹਾ ਜਾ ਸਕਦਾ ਹੈ ਕਿ

ਕਮਿਊਨਿਸਟਾਂ ਦਾ ਨਜ਼ਰੀਆ ਮੁਖ਼ਤਸਰ ਲਫ਼ਜ਼ਾਂ ਵਿੱਚ ਜ਼ਾਤੀ ਜਾਇਦਾਦ ਨੂੰ ਮਿਟਾਣਾ ਹੈ। ਸਾਨੂੰ ਕਮਿਊਨਿਸਟਾਂ ਨੂੰ ਮਿਹਣਾ ਦਿੱਤਾ ਜਾਂਦਾ ਹੈ ਕਿ ਅਸੀਂ ਇਨਸਾਨ ਦੀ ਸਕਦਾ ਮਿਹਨਤ ਨਾਲ ਸਕਦਾ ਜਾਇਦਾਦ ਹਾਸਲ ਕਰਨ ਦਾ ਹੱਕ ਖੋਹ ਲੈਣਾ ਚਾਹੁੰਦੇ ਹਾਂ, ਹਾਲਾਂਕਿ ਕਿਹਾ ਜਾਂਦਾ ਹੈ ਕਿ ਇਹੀ ਜਾਇਦਾਦ ਤਮਾਮ ਸ਼ਖ਼ਸੀ ਆਜ਼ਾਦੀ, ਸਰਗਰਮੀ ਅਤੇ ਖ਼ੁਦ ਮੁਖ਼ਤਾਰੀ ਦੀ ਬੁਨਿਆਦ ਹੈ। ਗਾੜ੍ਹੇ ਪਸੀਨੇ ਦੀ ਕਮਾਈ ਆਪਣੇ ਦਸਤੋ ਬਾਜ਼ੂ ਨਾਲ ਪੈਦਾ ਕੀਤੀ ਹੋਈ ਜਾਇਦਾਦ ! ਕੀ ਤੁਹਾਡੀ ਮੁਰਾਦ ਛੋਟੇ ਦਸਤਕਾਰ ਅਤੇ ਛੋਟੇ ਕਿਸਾਨ ਦੀ ਜਾਇਦਾਦ ਤੋਂ ਹੈ ਜੋ ਬੁਰਜ਼ੁਆ ਜਾਇਦਾਦ ਤੋਂ ਪਹਿਲੇ ਦੀ ਸੂਰਤ ਸੀ ? ਇਸ ਨੂੰ ਮਿਟਾਉਣ ਦੀ ਕੋਈ ਜ਼ਰੂਰਤ ਨਹੀਂ । ਸਨਅਤ ਦੀ ਤਰੱਕੀ ਬੜੀ ਹੱਦ ਤੱਕ ਇਸ ਨੂੰ ਮਿਟ ਚੁੱਕੀ ਹੈ ਅਤੇ ਆਏ ਦਿਨ ਮਿਟਾਉਂਦੀ ਜਾਂਦੀ ਹੈ। ਜਾਂ ਸ਼ਾਇਦ ਤੁਹਾਡੀ ਮੁਰਾਦ ਆਧੁਨਿਕ ਬੁਰਜ਼ੁਆ ਜ਼ਾਤੀ ਜਾਇਦਾਦ ਤੋਂ ਹੈ ? ਲੇਕਿਨ ਕੀ ਉਜਰਤੀ ਮਿਹਨਤ ਨੇ ਮਜ਼ਦੂਰ ਦੀ ਮਿਹਨਤ ਨੇ ਉਸ ਦੇ ਲਈ ਕੋਈ ਜਾਇਦਾਦ ਪੈਦਾ ਕੀਤੀ ਹੈ?ਬਿਲਕੁਲ ਨਹੀਂ। ਇਸ ਤੋਂ ਸਿਰਫ਼ ਸਰਮਾਇਆ ਪੈਦਾ ਹੁੰਦਾ ਹੈ । ਅਤੇ ਇਹ ਉਹ ਜਾਇਦਾਦ ਹੈ ਜੋ ਉਜਰਤੀ ਮਿਹਨਤ ਦਾ ਸੋਸ਼ਣ ਕਰਦੀ ਹੈ ਅਤੇ ਜਿਸ ਦੇ ਵਧਣ ਦੀ ਵਾਹਦ ਸ਼ਰਤ ਇਹ ਹੈ ਕਿ ਹੋਰ ਸੋਸ਼ਣ ਦੇ ਲਈ ਬਰਾਬਰ ਉਜਰਤੀ ਮਿਹਨਤ ਮੁਹੱਈਆ ਹੁੰਦੀ ਰਹੇ। ਜਾਇਦਾਦ ਅਪਣੀ ਮੌਜੂਦਾ ਸੂਰਤ ਵਿੱਚ ਸਰਮਾਇਆ ਅਤੇ ਉਜਰਤੀ ਮਿਹਨਤ ਦੇ ਵਿਰੋਧ ਪਰ ਆਧਾਰਿਤ ਹੈ। ਆਓ ਆਪਾਂ ਇਸ ਵਿਰੋਧ ਦੇ ਦੋਨੋਂ ਪਹਿਲੂਆਂ ਪਰ ਗ਼ੌਰ ਕਰੀਏ। ਸਰਮਾਇਆਦਾਰ ਹੋਣ ਦਾ ਮਤਲਬ ਪੈਦਾਵਾਰ ਵਿੱਚ ਮਹਿਜ਼ ਜ਼ਾਤੀ ਨਹੀਂ ਬਲਕਿ ਸਮਾਜੀ ਹੈਸੀਅਤ ਦਾ ਮਾਲਿਕ ਹੋਣਾ ਹੈ। ਸਰਮਾਇਆ ਰਲ ਮਿਲ ਕੇ ਕੀਤੀ ਹੋਈ ਪੈਦਾਵਾਰ ਹੈ ਅਤੇ ਬਹੁਤ ਆਦਮੀਆਂ ਦੀਆਂ ਮੁਤਹਿਦਾ ਕੋਸ਼ ਿਸ਼ਾਂਨਾਲ ਬਲਕਿ ਆਖ਼ਿਰ ਤੱਕ ਨਿਗਾਹ ਦੌੜਾਈਏ ਤਾਂ ਸਮਾਜ ਦੇ ਤਮਾਮ ਮੈਂਬਰਾਂ ਦੀਆਂ ਮੁਤਹਿਦਾ ਕੋਸ਼ਿਸ਼ਾਂ ਨਾਲ ਹੀ ਹਰਕਤ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਲਈ ਸਰਮਾਇਆ ਕੋਈ ਸ਼ਖ਼ਸੀ ਨਹੀਂ ਬਲਕਿ ਸਮਾਜੀ ਤਾਕਤ ਹੈ। ਲਿਹਾਜ਼ਾ ਸਰਮਾਇਆ ਨੂੰ ਜਦ ਸਾਂਝੀ ਜਾਇਦਾਦ ਜਾਨੀ ਸਮਾਜ ਦੇ ਤਮਾਮ ਮੈਂਬਰਾਂ ਦੀ ਜਾਇਦਾਦ ਬਣਾਇਆ ਜਾਂਦਾ ਹੈ, ਤਾਂ ਇਸ ਨਾਲ ਸਕਦਾ ਜਾਇਦਾਦ ਸਮਾਜੀ ਜਾਇਦਾਦ ਵਿੱਚ ਨਹੀਂ ਬਦਲਦੀ , ਸਿਰਫ਼ ਜਾਇਦਾਦ ਦੀ ਸਮਾਜੀ ਹੈਸੀਅਤ ਬਦਲ ਜਾਂਦੀ ਹੈ ।ਇਸ ਦੀ ਜਮਾਤੀ ਹੈਸੀਅਤ ਖ਼ਤਮ ਹੋ ਜਾਂਦੀ ਹੈ। ਆਓ ਆਪਾਂ ਹੁਣ ਉਜਰਤੀ ਮਿਹਨਤ ਪਰ ਨਜ਼ਰ ਮਾਰੀਏ । ਉਜਰਤੀ ਮਿਹਨਤ ਦੀ ਔਸਤ ਕੀਮਤ ਘੱਟੋ ਘੱਟ ਉਜਰਤ ਹੀ ਹੈ ਅਤੇ ਉਸ ਵਿੱਚ ਨਿਰਬਾਹ ਦੇ ਸਾਧਨਾਂ ਦ ਿਸਿਰਫ਼ ਇਤਨੀ ਹੀ ਮਿਕਦਾਰ ਸ਼ਾਮਿਲ ਹੈ ਜੋ ਮਜ਼ਦੂਰ ਨੂੰ ਮਜ਼ਦੂਰ ਬਣਾ ਕੇ ਕਿਸੀ ਤਰ੍ਹਾਂ ਜ਼ਿੰਦਾ ਰੱਖਣ ਦੇ ਲਈ ਕਤਈ ਜ਼ਰੂਰੀ ਹੈ । ਇਸ ਲਈ ਉਜਰਤ ਪਰ ਕੰਮ ਕਰਨ ਵਾਲਾ ਮਜ਼ਦੂਰ ਅਪਣੀ ਮਿਹਨਤ ਦੇ ਜ਼ਰੀਆ ਜੋ ਕੁਛ ਤਸਰਫ਼ ਵਿੱਚ ਲਿਆਂਦਾ ਹੈ ਉਹ ਮਹਿਜ਼ ਉਸ ਨੂੰ ਜ਼ਿੰਦਾ ਰੱਖਣ ਦੇ ਲਈ ਕਾਫ਼ੀ ਹੁੰਦਾ ਹੈ। ਸਾਡਾ ਇਹ ਮਨਸ਼ਾ ਹਰ ਗਜ਼ ਨਹੀਂ ਹੈ ਕਿ ਮਿਹਨਤ ਦੀ ਪੈਦਾਵਾਰ ਨੂੰ ਜ਼ਾਤੀ ਤਸਰਫ਼ ਵਿੱਚ ਲਿਆਉਣ ਦਾ ਇਹ ਸਿਲਸਿਲਾ ਬੰਦ ਕਰ ਦੇਂ। ਇਸ ਤਸਰਫ਼ ਦਾ ਮਕਸਦ ਜ਼ਿੰਦਗੀ ਨੂੰ ਕਾਇਮ ਰਖਣਾ ਹੈ । ਅਤੇ ਉਸ ਵਿੱਚ ਫ਼ਾਜ਼ਲ ਕੁਛ ਬਚਦਾ ਹੀ ਨਹੀਂ ਜਿਸ ਦੇ ਬਲ ਪਰ ਦੂਸਰਿਆਂ ਦੀ ਮਿਹਨਤ ਕਾਬੂ ਵਿੱਚ ਲਿਆਂਦੀ ਜਾ ਸਕੇ । ਅਸੀਂ ਮਿਟਾਣਾ ਚਾਹੁੰਦੇ ਹਾਂ ਮਹਿਜ਼ ਇਸ ਤਸਰਫ਼ ਦੇ ਇਸ ਘਟੀਆ ਚਰਿਤਰ ਨੂੰ ਜਿਸ ਦੇ ਤਹਿਤ ਮਜ਼ਦੂਰਜ਼ਿੰਦਾ ਰਹਿੰਦਾ ਹੈ ਫ਼ਕਤ ਸਰਮਾਇਆ ਨੂੰ ਵਧਾਉਣ ਦੇ ਲਈ, ਅਤੇ ਉਸ ਨੂੰ ਜ਼ਿੰਦਾ ਉਸ ਵਕਤ ਤੱਕ ਰਹਿਣ ਦਿੱਤਾ ਜਾਂਦਾ ਹੈ ਜਦ ਤੱਕ ਹੁਕਮਰਾਨ ਜਮਾਤ ਦੇ ਮੁਫ਼ਾਦ ਨੂੰ ਉਸ ਦੀ ਜ਼ਰੂਰਤ ਹੁੰਦੀ ਹੈ। ਬੁਰਜ਼ੁਆ ਸਮਾਜ ਵਿੱਚ ਜ਼ਿੰਦਾ

ਮਿਹਨਤ ਮਹਿਜ਼ ਇਕ ਜ਼ਰੀਆ ਹੈ ਜਮਾ ਮਿਹਨਤ ਨੂੰ ਵਧਾਉਣ ਦਾ। ਕਮਿਊਨਿਸਟ ਸਮਾਜ ਵਿੱਚ ਜਮਾ ਮਿਹਨਤ ਇਕ ਜ਼ਰੀਆ ਹੋਵੇਗੀ ਜਿਸ ਨਾਲ ਮਜ਼ਦੂਰ ਦੀ ਜ਼ਿੰਦਗੀ ਨੂੰ ਹੋਰ ਵਿਸਾਲ ਬਣਾਇਆ ਜਾਏਗਾ , ਇਸ ਨੂੰ ਹੋਰ ਜਿਆਦਾ ਭਰਪੂਰ ਬਣਾਇਆ ਜਾਏਗਾ ਅਤੇ ਤਰੱਕੀ ਦਿੱਤੀ ਜਾਏਗੀ। ਮੁਖ਼ਤਸਰ ਇਹ ਕਿ ਬੁਰਜ਼ੁਆ ਸਮਾਜ ਵਿੱਚ ਹਾਲ ਪਰ ਅਤੀਤ ਹਾਵੀ ਹੈ । ਕਮਿਊਨਿਸਟ ਸਮਾਜ ਵਿੱਚ ਅਤੀਤ ਪਰ ਹਾਲ ਹਾਵੀ ਹੋਵੇਗਾ। ਬੁਰਜ਼ੁਆ ਸਮਾਜ ਵਿੱਚ ਸਰਮਾਇਆ ਆਜ਼ਾਦ ਹੈ ਅਤੇ ਉਸ ਦੀ ਅਪਣੀ ਸਕਦਾ ਹਸਤੀ ਹੈ ਜਦ ਕਿ ਜ਼ਿੰਦਾ ਇਨਸਾਨ ਮਹਿਕੂਮ ਹੈ ਉਸ ਦੀ ਕੋਈ ਹਸਤੀ ਨਹੀਂ। ਅਤੇ ਉਸ ਸੂਰਤੇ ਹਾਲ ਦਾ ਮਿਟ ਜਾਣਾ, ਬੁਰਜ਼ੁਆ ਜਮਾਤ ਦੀ ਜ਼ਬਾਨ ਵਿੱਚ, ਨਿੱਜਤਵ ਅਤੇ ਆਜ਼ਾਦੀ ਦਾ ਮਿਟ ਜਾਣਾ ਹੈ । ਅਤੇ ਬਾਤ ਠੀਕ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡਾ ਮਕਸਦ ਬੁਰਜ਼ੁਆ ਨਿੱਜਤਵ, ਬੁਰਜ਼ੁਆ ਖ਼ੁਦ ਮੁਖ਼ਤਾਰੀ ਅਤੇ ਬੁਰਜ਼ੁਆ ਆਜ਼ਾਦੀ ਨੂੰ ਮਿਟਾ ਦੇਣਾ ਹੈ। ਪੈਦਾਵਾਰ ਦੀ ਮੌਜੂਦਾ ਬੁਰਜ਼ੁਆ ਹਾਲਤਾਂ ਵਿੱਚ ਆਜ਼ਾਦੀ ਦਾ ਮਤਲਬ ਹੈ ਤਜਾਰਤ ਦੀ ਆਜ਼ਾਦੀ ; ਵੇਚਣ ਅਤੇ ਖ਼ਰੀਦਣ ਦੀ ਆਜ਼ਾਦੀ। ਲੇਕਿਨ ਅਗਰ ਖ਼ਰੀਦੋ ਫ਼ਰੋਖ਼ਤ ਨਾ ਰਹੇ ਤੋ ਖ਼ਰੀਦੋ ਫ਼ਰੋਖ਼ਤ ਦੀ ਆਜ਼ਾਦੀ ਵੀ ਨਹੀਂ ਰਹੇਗੀ। ਖ਼ਰੀਦੋ ਫ਼ਰੋਖ਼ਤ ਦੀ ਆਜ਼ਾਦੀ ਦੀ ਇਹ ਗੱਲਬਾਤ ਆਮ ਤੌਰ ਤੇ ਆਜ਼ਾਦੀ ਬਾਰੇ ਸਾਡੀ ਬੁਰਜ਼ੁਆ ਜਮਾਤ ਦੇ ਇਹ ਤਮਾਮ ਗਪੌੜ ਅਗਰ ਕੋਈ ਅਰਥ ਰਖਦੇ ਹਨ ਤਾਂ ਸਿਰਫ਼ ਮਹਿਦੂਦ ਖ਼ਰੀਦੋ ਫ਼ਰੋਖ਼ਤ ਅਤੇ ਮਧਕਾਲ ਦੇ ਮਜ਼ਲੂਮ ਤਾਜਰਾਂ ਦੇ ਮੁਕਾਬਲੇ ਵਿੱਚ, ਮਗਰ ਕਮਿਊਨਿਜ਼ਮ ਦੇ ਮੁਕਾਬਲੇ ਵਿੱਚ, ਜਦੋਂ ਖ਼ਰੀਦੋ ਫ਼ਰੋਖ਼ਤ ਅਤੇ ਤਜਾਰਤ ਮਿਟ ਜਾਏਗੀ, ਪੈਦਾਵਾਰ ਦੇ ਬੁਰਜ਼ੁਆ ਤਾਲੁਕਾਤ ਅਤੇ ਖ਼ੁਦ ਬੁਰਜ਼ੁਆ ਜਮਾਤ ਮਿਟ ਜਾਏਗੀ, ਇਹ ਗੱਲਬਾਤ ਕੋਈ ਅਰਥ ਨਹੀਂ ਰਖਦੀ। ਤੁਹਾਡੇ ਹੋਸ਼ ਉੱਡ ਰਹੇ ਹਨ ਕਿ ਅਸੀਂ ਜ਼ਾਤੀ ਜਾਇਦਾਦ ਨੂੰ ਮਿਟਾ ਦੇਣਾ ਚਾਹੁੰਦੇ ਹਾਂ ।ਲੇਕਿਨ ਤੁਹਾਡੇ ਮੌਜੂਦਾ ਸਮਾਜ ਵਿੱਚ ਦਸ ਵਿਚੋਂ ਨੌਂ ਆਦਮੀਆਂ ਦੇ ਲਈ ਜ਼ਾਤੀ ਜਾਇਦਾਦ ਪਹਿਲੇ ਹੀ ਮਿਟ ਚੁੱਕੀ ਹੈ । ਅਤੇ ਥੋੜੇ ਆਦਮੀਆਂ ਦੇ ਲਈ ਜੋ ਰਹਿ ਗਈ ਹੈ ਤਾਂ ਇਸੇ ਵਜਹ ਕਿ ਦਸ ਵਿਚੋਂ ਨੌਂ ਇਸ ਸੇ ਮਹਿਰੂਮ ਹਨ । ਤੁਹਾਡੇ ਇਲਜ਼ਾਮ ਦਾ ਮਤਲਬ ਇਹ ਹੈ ਕਿ ਅਸੀਂ ਜਾਇਦਾਦ ਦੀ ਉਹ ਸੂਰਤ ਮਿਟਾ ਦੇਣਾ ਚਾਹੁੰਦੇ ਹਾਂ ਜਿਸ ਦੇ ਕਾਇਮ ਰੱਖਣ ਦੀ ਜ਼ਰੂਰੀ ਸ਼ਰਤ ਹੀ ਇਹ ਹੈ ਕਿ ਸਮਾਜ ਦੀ ਬਹੁਤ ਬੜੀ ਅਕਸਰੀਅਤ ਦੇ ਪਾਸ ਕੋਈ ਜਾਇਦਾਦ ਨਾ ਹੋਵੇ । ਮੁਖ਼ਤਸਰ ਇਹ ਕਿ ਤੁਹਾਨੂੰ ਸ਼ਿਕਾਇਤ ਹੈ ਕਿ ਅਸੀਂ ਤੁਹਾਡੀ ਜਾਇਦਾਦ ਮਿਟਾ ਦੇਣਾ ਚਾਹੁੰਦੇ ਹਾਂ । ਬਜਾ ਹੈ। ਸਾਡਾ ਬਿਲਕੁਲ ਇਹੀ ਇਰਾਦਾ ਹੈ। ਜਿਸ ਦਿਨ ਤੋਂ ਮਿਹਨਤ ਨੂੰ ਸਰਮਾਇਆ, ਜ਼ਰ ਜਾਂ ਲਗਾਨ ਵਿੱਚ ਨਹੀਂ ਬਦਲਿਆ ਜਾ ਸਕੇਗਾ, ਇਸ ਨੂੰ ਐਸੀ ਸਮਾਜੀ ਕੁੱਵਤ ਦੀ ਸ਼ਕਲ ਨਹੀਂ ਦਿੱਤੀ ਜਾ ਸਕੇਗੀ , ਜਿਸਨੂੰ ਕੋਈ ਅਪਣਾ ਅਜਾਰਾ ਬਣਾ ਸਕੇ , ਜਾਨੀ ਜਿਸ ਦਿਨ ਤੋਂ ਸਕਦਾ ਜਾਇਦਾਦ ਬੁਰਜ਼ੁਆ ਜਾਇਦਾਦ ਵਿੱਚ ਤਬਦੀਲ ਨਹੀਂ ਹੋ ਸਕੇਗੀ ਉਸ ਦਿਨ ਤੋਂ ਤੁਹਾਡਾ ਖ਼ਿਆਲ ਹੈ ਨਿੱਜਤਵ ਨਾਪੈਦ ਹੋ ਜਾਏਗੀ। ਫਿਰ ਤਾਂ ਤੁਹਾਨੂੰ ਇਹ ਵੀ ਮੰਨਣਾ ਪਏਗਾ ਕਿ " ਵਿਅਕਤੀ " ਤੋਂ ਤੁਹਾਡਾ ਮਤਲਬ ਹਰ ਸ਼ਖ਼ਸ ਨਹੀਂ ਸਿਰਫ਼ ਬੁਰਜ਼ੁਆ ਹੈ, ਦਰਮਿਆਨੀ ਜਮਾਤ ਦਾ ਸਾਹਿਬੇ ਜਾਇਦਾਦ ਸ਼ਖ਼ਸ। ਅਤੇ ਸਚ ਮੁਚ ਇਸ ਸ਼ਖ਼ਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ । ਸਮਾਜੀ ਪੈਦਾਵਾਰ ਨੂੰ ਆਪਣੇ ਤਸਰਫ਼ ਵਿੱਚ ਲਿਆਣ ਦੇ ਹੱਕ ਤੋਂ ਕਮਿਊਨਿਜ਼ਮ ਕਿਸੇ ਇਨਸਾਨ ਨੂੰ ਮਹਿਰੂਮ ਨਹੀਂ ਕਰਦਾ । ਉਹ ਇਨਸਾਨ ਨੂੰ ਸਿਰਫ਼ ਇਸ ਇਖ਼ਤਿਆਰ ਤੋਂ ਮਹਿਰੂਮ ਕਰਨਾ ਚਾਹੁੰਦਾ ਹੈ ਜਿਸ ਦੀ ਬਦੌਲਤ ਉਹ ਇਸ ਤਸਰਫ਼ ਦੇ ਜ਼ਰੀਏ ਦੂਸਰਿਆਂ ਦੀ ਮਿਹਨਤ ਨੂੰ ਅਪਣਾ ਗ਼ੁਲਾਮ ਬਣਾਉਂਦਾ ਹੈ। ਇਤਰਾਜ਼ ਕੀਤਾ ਜਾਂਦਾ ਹੈ ਕਿ ਜ਼ਾਤੀ ਜਾਇਦਾਦ ਦੇ ਮਿਟਦੇ ਹੀ ਸਾਰੇ ਕੰਮ ਕਾਜ ਬੰਦ ਹੋ ਜਾਣਗੇ ਅਤੇ ਹਰ

ਆਦਮੀ ਪਰ ਆਲਸ ਸਵਾਰ ਹੋ ਜਾਏਗੀ। ਇਸ ਇਤਬਾਰ ਤੋਂ ਤਾਂ ਬੁਰਜ਼ੁਆ ਸਮਾਜ ਨੂੰ ਮਹਿਜ਼ ਆਲਸ ਦੇ ਹੱਥੋਂ ਅੱਜ ਤੋਂ ਬਹੁਤ ਪਹਿਲੇ ਖ਼ਤਮ ਹੋ ਜਾਣਾ ਚਾਹੀਦਾ ਸੀ ਕਿਉਂਕਿ ਇਸ ਸਮਾਜ ਵਿੱਚ ਜੋ ਲੋਕ ਕੰਮ ਕਰਦੇ ਹਨ ਉਹਨਾਂ ਨੂੰ ਕੁਛ ਮਿਲਦਾ ਨਹੀਂ ਅਤੇ ਜਿਹਨਾਂ ਨੂੰ ਮਿਲਦਾ ਹੈ ਉਹ ਕੰਮ ਨਹੀਂ ਕਰਦੇ। ਇਹ ਇਤਰਾਜ਼ ਇਸੇ ਬਾਤ ਨੂੰ ਦੂਸਰੇ ਲਫ਼ਜ਼ਾਂ ਵਿੱਚ ਦੁਹਰਾਉਂਦਾ ਹੈ ਕਿ ਸਰਮਾਇਆ ਨਹੀਂ ਰਹੇਗਾ ਤਾਂ ਉਜਰਤੀ ਮਿਹਨਤ ਵੀ ਨਹੀਂ ਰਹੇਗੀ। ਪਦਾਰਥਕ ਪੈਦਾਵਾਰ ਦੀ ਪੈਦਾਇਸ਼ ਅਤੇ ਤਸਰਫ਼ ਦੇ ਕਮਿਊਨਿਸਟ ਤਰੀਕੇ ਦ੍ੇ ਖ਼ਿਲਾਫ਼ ਇਹ ਤਮਾਮ ਇਤਰਾਜ਼ ਇਸੇ ਤਰ੍ਹਾਂ ਜ਼ਿਹਨੀ ਪੈਦਾਵਾਰ ਦੀ ਪੈਦਾਇਸ਼ ਅਤੇ ਤਸਰਫ਼ ਦੇ ਕਮਿਊਨਿਸਟ ਤਰੀਕੇ ਦੇ ਖ਼ਿਲਾਫ਼ ਪੇਸ਼ ਕੀਤੇ ਗਏ ਹਨ। ਬੁਰਜ਼ੁਆ ਦੀ ਨਜ਼ਰ ਵਿੱਚ ਜ਼ਿਸ਼ਰ੍ਹਾਂ ਜਮਾਤੀ ਜਾਇਦਾਦ ਦਾ ਮਿਟਣਾ ਸਿਰੇ ਤੋਂ ਪੈਦਾਵਾਰ ਦਾ ਮਿਟ ਜਾਣਾ ਹੈ, ਇਸੇ ਤਰ੍ਹਾਂ ਜਮਾਤੀ ਤਹਿਜ਼ੀਬ ਦਾ ਮਿਟ ਜਾਣਾ ਉਹਨਾਂ ਦੇ ਖ਼ਿਆਲ ਵਿੱਚ ਸਾਰੀ ਤਹਿਜ਼ੀਬ ਦਾ ਮਿਟ ਜਾਣਾ ਹੈ। ਉਹ ਤਹਿਜ਼ੀਬ ਜਿਸ ਦੇ ਮਿਟ ਜਾਣ ਪਰ ਉਹ ਹੰਝੂ ਬਹਾਉਂਦੇ ਹਨ, ਇਨਸਾਨ ਦੀ ਬਹੁਤ ਬੜੀ ਅਕਸਰੀਅਤ ਨੂੰ ਮਹਿਜ਼ ਮਸ਼ੀਨ ਦੀ ਤਰ੍ਹਾਂ ਹਰਕਤ ਕਰਨਾ ਸਿਖਾਉਂਦੀ ਹੈ। ਬੁਰਜ਼ੁਆ ਜਾਇਦਾਦ ਨੂੰ ਮਿਟਾਉਣ ਦੀ ਸਾਡੀ ਤਜਵੀਜ਼ ਨੂੰ ਅਗਰ ਆਪ ਆਜ਼ਾਦੀ, ਤਹਿਜ਼ੀਬ, ਕਾਨੂੰਨ ਵਗ਼ੈਰਾ ਦੇ ਬੁਰਜ਼ੁਆ ਸੰਕਲਪਾਂ ਦੀ ਕਸੌਟੀ ਪਰ ਪਰਖਣਾ ਚਾਹੁੰਦੇ ਹੋ ਤਾਂ ਸਾਡੇ ਨਾਲ ਬਹਿਸ ਵਿੱਚ ਉਲਝਣ ਦੀ ਜ਼ਰੂਰਤ ਨਹੀਂ। ਤੁਹਾਡੇ ਖ਼ਿਆਲ ਬਜਾਏ ਖ਼ੁਦ ਬੁਰਜ਼ੁਆ ਪੈਦਾਵਾਰ ਅਤੇ ਬੁਰਜ਼ੁਆ ਜਾਇਦਾਦ ਦੇ ਤਾਲੁਕਾਤ ਦਾ ਨਤੀਜਾ ਹਨ। ਉਸੇ ਤਰ੍ਹਾਂ ਜਿਵੇਂ ਤੁਹਾਡਾ ਕਾਨੂੰਨ ਦਾ ਫ਼ਲਸਫ਼ਾ ਉਸ ਦੇ ਸਿਵਾ ਕੁਛ ਨਹੀਂ ਕਿ ਤੁਹਾਡੀ ਜਮਾਤ ਦੀ ਮਰਜ਼ੀ ਨੂੰ ਸਭ ਦੇ ਲਈ ਕਾਨੂੰਨ ਬਣਾ ਦਿੱਤਾ ਗਿਆ ਅਤੇ ਉਹ ਮਰਜ਼ੀ ਐਸੀ ਹੈ ਜਿਸ ਦੇ ਅਸਲੀ ਖਾਸੇ ਅਤੇ ਸੇਧ ਨੂੰ ਤੁਹਾਡੀ ਜਮਾਤ ਦੇ ਜੀਵਨ ਦੀਆਂ ਆਰਥਿਕ ਪ੍ਰਸਥਿਤੀਆਂ ਤੈਹ ਕਰਦੀਆਂ ਹਨ ਇਹ ਖ਼ੁਦ ਗ਼ਰਜ਼ ਗ਼ਲਤ ਖ਼ਿਆਲੀ ਜੋ ਤੁਹਾਨੂੰ ਤਰਗ਼ੀਬ ਦਿੰਦੀ ਹੈ ਕਿ ਤੁਸੀਂ ਆਪਣੇ ਪੈਦਾਵਾਰੀ ਤਾਲੁਕਾਤ ਅਤੇ ਜਾਇਦਾਦੀ ਦੇ ਰਿਸ਼ਤਿਆਂ ਨੂੰ, ਜੋ ਤਾਰੀਖ਼ੀ ਹਨ ਅਤੇ ਪੈਦਾਵਾਰ ਦੀ ਤਰੱਕੀ ਦੇ ਨਾਲ ਬਦਲਦੇ ਰਹਿੰਦੇ ਹਨ, ਕੁਦਰਤ ਅਤੇ ਅਕਲ ਦੇ ਸਦੀਵੀ ਕਾਨੂੰਨ ਬਣਾ ਲਵੋਂ। ਇਹ ਐਸੀ ਗ਼ਲਤ ਖ਼ਿਆਲੀ ਹੈ ਜਿਸ ਵਿੱਚ ਤੁਸੀਂ ਵੀ ਪਹਿਲੇ ਦੇ ਤਮਾਮ ਹੁਕਮਰਾਨ ਅਤੇ ਫ਼ਨਾ ਹੋ ਜਾਣੇ ਵਾਲੇ ਤਬਕਿਆਂ ਦੀ ਤਰ੍ਹਾਂ ਮੁਬਤਲਾ ਹੋ। ਕਦੀਮ ਜਾਇਦਾਦ ਦੇ ਸਿਲਸਿਲੇ ਵਿੱਚ ਤੁਸੀਂ ਜੋ ਕੁਛ ਸਾਫ਼ ਸਾਫ਼ ਦੇਖਦੇ ਹੋ ਜਾਗੀਰਦਾਰ ਜਾਇਦਾਦ ਦੇ ਬਾਰੇ ਵਿੱਚ ਤੁਸੀਂ ਜਿਸ ਬਾਤ ਨੂੰ ਮੰਨਦੇ ਹੋ, ਉਹੀ ਬਾਤ ਤੁਸੀਂ ਜਾਇਦਾਦ ਦੀ ਅਪਣੀ ਬੁਰਜ਼ੁਆ ਸੂਰਤ ਦੇ ਬਾਰੇ ਵਿੱਚ ਮੰਨਣ ਤੋਂ ਮੁਨਕਰ ਹੋ। ਖ਼ਾਨਦਾਨ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਜਾਏਗਾ! ਬੜੇ ਤੋਂ ਬੜੇ ਇੰਤਹਾ ਪਸੰਦ ਵੀ ਕਮਿਊਨਿਸਟਾਂ ਦੀ ਇਸ ਸ਼ਰਮਨਾਕ ਤਜਵੀਜ਼ ਪਰ ਅੱਗ ਬਗੋਲਾ ਹੋ ਜਾਂਦੇ ਹਨ। ਮੌਜੂਦਾ ਜ਼ਮਾਨੇ ਦਾ ਖ਼ਾਨਦਾਨ ਬੁਰਜ਼ੁਆ ਖ਼ਾਨਦਾਨ ਆਖ਼ਿਰ ਕਿਸ ਬੁਨਿਆਦ ਪਰ ਕਾਇਮ ਹੈ ?ਸਰਮਾਇਆ ਪਰ ਜ਼ਾਤੀ ਮੁਨਾਫ਼ਾ ਪਰ।ਅਪਣੀ ਮੁਕੰਮਲਤਰੀਨ ਸੂਰਤ ਵਿੱਚ ਇਹ ਖ਼ਾਨਦਾਨ ਸਿਰਫ਼ ਬੁਰਜ਼ੁਆ ਜਮਾਤ ਵਿੱਚ ਪਾਇਆ ਜਾਂਦਾ ਹੈ। ਲੇਕਿਨ ਇਸ ਤਸਵੀਰ ਕਾ ਦੂਸਰਾ ਰੁਖ਼ ਇਹ ਹੈ ਕਿ ਇਕ ਤਰਫ਼ ਮਜ਼ਦੂਰ ਬੇ ਖ਼ਾਨਦਾਨ ਰਹਿਣ ਪਰ ਮਜਬੂਰ ਹਨ ਅਤੇ ਸਰੇਬਾਜ਼ਾਰ ਅਸਮਤ ਫ਼ਰੋਸ਼ੀ ਹੁੰਦੀ ਹੈ। ਬੁਰਜ਼ੁਆ ਖ਼ਾਨਦਾਨ ਦਾ ਇਹ ਪਹਿਲੂ ਜਦ ਨਹੀਂ ਰਹੇਗਾ ਤਾਂ ਉਹ ਖ਼ਾਨਦਾਨ ਆਪਣੇ ਆਪ ਹੀ ਮਿਟ ਜਾਏਗਾ ਅਤੇ ਸਰਮਾਇਆ ਦੇ ਮਿਟਦੇ ਹੀ ਦੋਨੋਂ ਮਿਟ ਜਾਣਗੇ। ਕੀ ਤੁਹਾਡਾ ਇਲਜ਼ਾਮ ਹੈ ਕਿ ਅਸੀਂ ਮਾਂ ਬਾਪ ਨੂੰ ਆਪਣੇ ਬੱਚਿਆਂ ਦੇ ਸੋਸ਼ਣ ਤੋਂ ਰੋਕਣਾ ਚਾਹੁੰਦੇ ਹਾਂ ? ਅਸੀਂ ਅਪਣਾ ਇਹ ਜੁਰਮ ਮੰਨਦੇ ਹਾਂ। ਲੇਕਿਨ ਤੁਸੀਂ ਕਹੋਗੇ ਕਿ ਅਸੀਂ

ਸਭ ਤੋਂ ਕਾਬਲੇ ਇਹਤਰਾਮ ਰਿਸਤਿਆਂ ਨੂੰ ਬਰਬਾਦ ਕਰ ਦਿੰਦੇ ਹਾਂ ਕਿਉਂਕਿ ਅਸੀਂ ਘਰੇਲੂ ਤਾਲੀਮ ਦੀ ਜਗ੍ਹਾ ਸਮਾਜੀ ਤਾਲੀਮ ਜਾਰੀ ਕਰਨਾ ਚਾਹੁੰਦੇ ਹਨ। ਅਤੇ ਤੁਹਾਡੀ ਤਾਲੀਮ ? ਕੀ ਉਹ ਵੀ ਸਮਾਜੀ ਨਹੀਂ ? ਕੀ ਉਹ ਵੀ ਉਹਨਾਂ ਸਮਾਜੀ ਹਾਲਾਤ ਤੋਂ ਤੈਹ ਜਿਹਨਾਂ ਵਿੱਚ ਤੁਸੀਂ ਉਹ ਤਾਲੀਮ ਦਿੰਦੇ ਹੋ ? ਕੀ ਇਸ ਵਿੱਚ ਵੀ ਸਕੂਲ ਵਗ਼ੈਰਾ ਦੇ ਜ਼ਰੀਆ ਸਮਾਜ ਦੀ ਸਿਧੀ ਜਾਂ ਅਸਿਧੀ ਦਸਤ ਅੰਦਾਜ਼ੀ ਨਹੀਂ ਹੁੰਦੀ ? ਤਾਲੀਮ ਵਿੱਚ ਸਮਾਜ ਦੇ ਦਖ਼ਲ ਦੀ ਕਮਿਊਨਿਸਟਾਂ ਨੇ ਈਜਾਦ ਨਹੀਂ ਕੀਤੀ । ਉਹ ਸਿਰਫ਼ ਇਸ ਦਖ਼ਲ ਦੇ ਖਾਸੇ ਨੂੰ ਬਦਲਣਾ ਅਤੇ ਤਾਲੀਮ ਨੂੰ ਹੁਕਮਰਾਨ ਜਮਾਤ ਦੇ ਅਸਰ ਤੋਂ ਆਜ਼ਾਦ ਕਰਾਉਣਾ ਚਾਹੁੰਦੇ ਹਨ। ਖ਼ਾਨਦਾਨ ਅਤੇ ਤਾਲੀਮ ਦੇ ਬਾਰੇ ਵਿੱਚ ਮਾਂ ਬਾਪ ਅਤੇ ਬੱਚਿਆਂ ਦੇ ਮੁਕੱਦਸ ਰਿਸ਼ਤੇ ਦੇ ਬਾਰੇ ਵਿੱਚ ਬੁਰਜ਼ੁਆ ਖੱਪ ਉਸੇ ਕਦਰ ਨਫ਼ਰਤ ਅੰਗੇਜ਼ ਹੋ ਜਾਂਦੀ ਹੈ ਜਿਸ ਕਦਰ ਆਧੁਨਿਕ ਸਨਅਤ ਦੇ ਅਸਰ ਨਾਲ ਮਜ਼ਦੂਰਾਂ ਵਿੱਚ ਤਮਾਮ ਖ਼ਾਨਦਾਨੀ ਬੰਧਨ ਟੁੱਟਦੇ ਜਾਂਦੇ ਹਨ ਅਤੇ ਉਹਨਾਂ ਦੇ ਬੱਚੇ ਤਜਾਰਤ ਦੀ ਜਿਣਸ ਅਤੇ ਮਿਹਨਤ ਦਾ ਔਜ਼ਾਰ ਬਣਦੇ ਜਾਂਦੇ ਹਨ । ਲੇਕਿਨ ਪੂਰਾ ਬੁਰਜ਼ੁਆ ਇਕ ਅਵਾਜ਼ ਚੀਖ਼ ਉਠਦਾ ਹੈ ਕਿ ਤੁਸੀਂ ਕਮਿਊਨਿਸਟ ਔਰਤਾਂ ਨੂੰ ਵੀ ਸਾਂਝੀ ਜਾਇਦਾਦ ਬਣਾ ਦੇਵੋਗੇ । ਬੁਰਜ਼ੁਆ ਦੀ ਨਜ਼ਰ ਵਿੱਚ ਉਸ ਦੀ ਬੀਵੀ ਦੀ ਹੈਸੀਅਤ ਵੀ ਪੈਦਾਵਾਰ ਦੇ ਇਕ ਸਾਧਨ ਤੋਂ ਜ਼ਿਆਦਾ ਨਹੀਂ। ਫਿਰ ਜਦ ਉਹ ਸੁਣਦਾ ਹੈ ਕਿ ਪੈਦਾਵਾਰ ਸਾਧਨਾਂ ਦਾ ਸੋਸ਼ਣ ਸਾਂਝੇ ਤੌਰ ਤੇ ਕੀਤਾ ਜਾਏਗਾ ਤਾਂ ਕੁਦਰਤੀ ਤੌਰ ਪਰ ਇਸ ਦੇ ਸਿਵਾ ਹੋਰ ਕਿਸੇ ਨਤੀਜੇ ਪਰ ਨਹੀਂ ਪਹੁੰਚ ਸਕਦਾ ਕਿ ਔਰਤਾਂ ਦਾ ਵੀ ਇਹੀ ਹਸ਼ਰ ਹੋਵੇਗਾ। ਉਹ ਸੋਚ ਵੀ ਨਹੀਂ ਸਕਦਾ ਕਿ ਅਸਲ ਮਕਸਦ ਔਰਤਾਂ ਦੀ ਉਸ ਹੈਸੀਅਤ ਦਾ ਖ਼ਾਤਮਾ ਕਰਨਾ ਹੈ ਜਿਸ ਵਿੱਚ ਉਹ ਸਿਰਫ਼ ਪੈਦਾਵਾਰ ਦਾ ਸੰਦ ਬਣ ਕਰ ਰਹਿ ਗਈਆਂ ਹਨ। ਫਿਰ ਇਸ ਤੋਂ ਵਧ ਮਜਾਕੀਆ ਗੱਲ ਕੀ ਹੋ ਸਕਦੀ ਹੈ ਕੀ ਸਾਡਾ ਬੁਰਜ਼ੁਆ ਪਾਕ ਦਾਮਨੀ ਦੇ ਜੋਸ਼ ਵਿੱਚ ਔਰਤਾਂ ਦੀ ਸਾਂਝੇਦਾਰੀ ਪਰ ਮੱਥੇ ਵੱਟ ਪਾਏ ਅਤੇ ਮਕਰ ਇਹ ਕਰੇ ਕਿ ਕਮਿਉਨਿਸਟ ਖੁਲੇਆਮ ਅਤੇ ਕਾਨੂੰਨੀ ਤੌਰ ਤੇ ਇਸ ਨੂੰ ਲਾਗੂ ਕਰ ਦੇਣਗੇ । ਕਮਿਊਨਿਸਟਾਂ ਨੂੰ ਔਰਤਾਂ ਨੂੰ ਸਾਂਝੀ ਜਾਇਦਾਦ ਬਣਾਉਣ ਦੀ ਕੋਈ ਲੋੜ ਨਹੀਂ । ਇਸ ਦਾ ਰਿਵਾਜ ਤਾਂ ਬਹੁਤ ਪੁਰਾਣੇ ਜ਼ਮਾਨੇ ਤੋਂ ਚਲਿਆ ਆਉਂਦਾ ਹੈ । ਵੇਸ਼ਵਾ ਬਾਜ਼ਾਰੀ ਦਾ ਤਾਂ ਕਹਿਣਾ ਹੀ ਕੀ, ਜਦ ਆਪਣੇ ਮਜ਼ਦੂਰਾਂ ਦੀ ਬਹੂ ਬੇਟੀਆਂ ਨਾਲ ਵੀ ਜੀ ਨਹੀਂ ਭਰਦਾ ਤਾਂ ਸਾਡੇ ਬੁਰਜ਼ੁਆ ਇਕ ਦੂਸਰੇ ਦੀ ਬੀਵੀਆਂ ਨਾਲ ਨਾਜਾਇਜ਼ ਤਾਅਲੁੱਕ ਕਾਇਮ ਕਰਕੇ ਬੇਹੱਦ ਅਨੰਦ ਹਾਸਲ ਕਰਦੇ ਹਨ। ਬੁਰਜ਼ੁਆ ਸ਼ਾਦੀ ਦਰਅਸਲ ਸਾਂਝੀਆਂ ਪਤਨੀਆਂ ਰੱਖਣ ਦਾ ਦਸਤੂਰ ਹੈ ਅਤੇ ਇਸ ਲਈ ਕਮਿਊਨਿਸਟਾਂ ਪਰ ਬੜੇ ਤੋਂ ਬੜਾ ਇਲਜ਼ਾਮ ਕੋਈ ਹੋ ਸਕਦਾ ਹੈ ਤਾਂ ਇਹੀ ਕਿ ਉਹ ਇਸ ਦੰਭੀ ਅਤੇ ਲੁਕੀ ਹੋਈ ਸਾਂਝੇਦਾਰੀ ਦੇ ਬਦਲੇ ਔਰਤਾਂ ਦੀ ਐਲਾਨੀਆ ਕਾਨੂੰਨੀ ਸਾਂਝੇਦਾਰੀ ਕਾਇਮ ਕਰਨਾ ਚਾਹੁੰਦੇ ਹਨ । ਅਤੇ ਅਸਲ ਹਕੀਕਤ ਜ਼ਾਹਿਰ ਹੈ ਕਿ ਜਦ ਮੌਜੂਦਾ ਪੈਦਾਵਾਰ ਤਾਲੁਕਾਤ ਮਿਟਣਗੇ ਤਾਂ ਇਸ ਦੇ ਨਾਲ ਔਰਤਾਂ ਨੂੰ ਸਾਂਝੇ ਵਿੱਚ ਰੱਖਣ ਦਾ ਦਸਤੂਰ , ਜਾਨੀ ਬਾਜ਼ਾਰੀ ਜਾਂ ਖ਼ਾਨਗੀ ਅਸਮਤ ਫ਼ਰੋਸ਼ੀ ਵੀ, ਜੋ ਉਹਨਾਂ ਤਾਲੁਕਾਤ ਦਾ ਨਤੀਜਾ ਹੈ, ਮਿਟ ਜਾਏਗੀ। ਫਿਰ ਕਮਿਊਨਿਸਟਾਂ ਪਰ ਇਕ ਇਲਜ਼ਾਮ ਇਹ ਹੈ ਕਿ ਉਹ ਵਤਨ ਅਤੇ ਕੌਮੀਅਤ ਨੂੰ ਮਿਟਾ ਦੇਣਾ ਚਾਹੁੰਦੇ ਹਨ। ਮਜ਼ਦੂਰਾਂ ਦਾ ਕੋਈ ਵਤਨ ਨਹੀਂ। ਅਤੇ ਜੋ ਉਹਨਾਂ ਦੇ ਪਾਸ ਹੈ ਨਹੀਂ, ਇਸੇ ਉਹਨਾਂ ਤੋਂ ਕੌਣ ਖੋਹ ਸਕਦਾ ਹੈ । ਕਿਉਂਕਿ ਮਜ਼ਦੂਰ ਜਮਾਤ ਨੇ ਸਭ ਤੋਂ ਪਹਿਲਾਂ ਸਿਆਸੀ ਸੱਤਾ ਹਾਸਲ ਕਰਨੀ ਹੈ, ਤਰੱਕੀ ਕਰਕੇ ਕੌਮ ਦੀ ਆਗੂ ਜਮਾਤ ਬਣਨਾ ਹੈ ; ਬਲਕਿ ਖ਼ੁਦ ਕੌਮ ਬਣਨਾ ਹੈ। ਇਸ ਲਈ ਉਸ ਹੱਦ ਤੱਕ ਉਹ ਖ਼ੁਦ ਕੌਮੀ ਹੈ। ਮਗਰ ਇਸ ਲਫ਼ਜ਼ ਦਾ ਉਹ ਅਰਥ ਨਹੀਂ ਜੋ ਬੁਰਜ਼ੁਆ ਸਮਝਦੇ ਹਨ। ਬੁਰਜ਼ੁਆ ਜਮਾਤ ਦਾ

ਵਿਕਾਸ , ਤਜਾਰਤ ਦੀ ਆਜ਼ਾਦੀ , ਆਲਮਗੀਰ ਮੰਡੀ , ਪੈਦਾਵਾਰ ਦੇ ਤਰੀਕਿਆਂ ਵਿੱਚ ਅਤੇ ਉਸ ਦੇ ਮੁਤਾਬਕ ਹੀ ਜੀਵਨ ਪ੍ਰਸਥਿਤੀਆਂ ਵਿੱਚ ਇੱਕਸਾਰਤਾ ਰੋਜ਼ ਬਰੋਜ਼ ਕੌਮੀ ਫ਼ਰਕ ਤੇ ਵਿਰੋਧ ਮਿਟਾਉਂਦੇ ਜਾਂਦੇ ਹਨ। ਪ੍ਰੋਲਤਾਰੀ ਦੀ ਸੱਤਾ ਕਾਇਮ ਹੋਣ ਪਰ ਉਹ ਹੋਰ ਤੇਜ਼ੀ ਨਾਲ ਮਿਟਣਾ ਲਗਣਗੇ। ਪ੍ਰੋਲਤਾਰੀ ਦੀ ਆਜ਼ਾਦੀ ਦੀ ਪਹਿਲੀ ਸ਼ਰਤ ਇਹ ਹੈ ਕਿ ਕਮ ਅਜ਼ ਕਮ ਤਮਾਮ ਤਰੱਕੀ ਯਾਫ਼ਤਾ ਮੁਲਕ ਮਿਲ ਕਰ ਕਦਮ ਉਠਾਉਣ। ਇਕ ਕੌਮ ਦੇ ਹੱਥੋਂ ਦੂਸਰੀ ਕੌਮ ਦਾ ਸੋਸ਼ਣ ਉਸੇ ਨਿਸਬਤ ਨਾਲ ਖ਼ਤਮ ਹੋਵੇਗਾ ਜਿਸ ਨਿਸਬਤ ਨਾਲ ਇੱਕ ਵਿਅਕਤੀ ਦੇ ਹੱਥੋਂ ਦੂਸਰੇ ਵਿਅਕਤੀ ਦਾ ਸੋਸ਼ਣ। ਜਿਤਨੀ ਤੇਜ਼ੀ ਨਾਲ ਕੌਮ ਦੇ ਅੰਦਰ ਤਬਕਿਆਂ ਦਾ ਇਖ਼ਤਲਾਫ਼ ਦੂਰ ਹੋਵੇਗਾ ਉਤਨੀ ਹੀ ਤੇਜ਼ੀ ਨਾਲ ਇੱਕ ਕੌਮ ਨਾਲ ਦੂਸਰੀ ਕੌਮ ਦੀ ਦੁਸ਼ਮਣੀ ਦੂਰ ਹੋਵੇਗੀ। ਕਮਿਊਨਿਜ਼ਮ ਪਰ ਮਜ਼੍ਹਬੀ , ਫ਼ਲਸਫ਼ੀਆਨਾ ਅਤੇ ਆਮ ਤੌਰ ਤੇ ਸਿਧਾਂਤਿਕ ਨੁਕਤਾ ਨਜ਼ਰ ਤੋਂ ਜੋ ਇਤਰਾਜ਼ ਕੀਤੇ ਜਾਂਦੇ ਹਨ ਉਹ ਇਸ ਕਾਬਲ ਨਹੀਂ ਕਿ ਉਹਨਾਂ ਪਰ ਸੰਜੀਦਗੀ ਨਾਲ ਗ਼ੌਰ ਕੀਤਾ ਜਾਏ । ਕੀ ਇਹ ਸਮਝਣ ਦੇ ਲਈ ਗ਼ੈਰ ਮਾਮੂਲੀਅੰਤਰ ਦ੍ਰਿਸ਼ਟੀ ਦੀ ਜ਼ਰੂਰਤ ਹੈ ਕਿ ਆਦਮੀ ਦੀ ਪਦਾਰਥਿਕ ਜ਼ਿੰਦਗੀ ਦੀਆਂ ਹਾਲਤਾਂ, ਉਸ ਦੇ ਸਮਾਜੀ ਰਿਸਤਿਆਂ ਅਤੇ ਉਸ ਦੀ ਸਮਾਜੀ ਜ਼ਿੰਦਗੀ ਵਿੱਚ ਜਦ ਕੋਈ ਤਬਦੀਲੀ ਹੁੰਦੀ ਹੈ ਤਾਂ ਇਸ ਦੇ ਨਾਲ ਆਦਮੀ ਦੇ ਖ਼ਿਆਲ , ਤਸੱਵਰਾਤ ਅਤੇ ਨਜ਼ਰੀਏ , ਮੁਖ਼ਤਸਰ ਇਹ ਕਿ ਆਦਮੀ ਦੀ ਚੇਤਨਾ ਬਦਲ ਜਾਂਦੀ ਹੈ? ਖ਼ਿਆਲਾਂ ਦੀ ਤਾਰੀਖ਼ ਨੇ ਇਸ ਦੇ ਸਿਵਾ ਹੋਰ ਸਾਬਤ ਹੀ ਕੀ ਕੀਤਾ ਹੈ ਕਿ ਜਿਸ ਨਿਸਬਤ ਨਾਲ ਪਦਾਰਥਿਕ ਪੈਦਾਵਾਰ ਦੀ ਪ੍ਰਕਿਰਤੀ ਬਦਲਦੀ ਹੈ ਉਸੇ ਨਿਸਬਤ ਨਾਲ ਜ਼ਿਹਨੀ ਪੈਦਾਵਾਰ ਦੀ ਪ੍ਰਕਿਰਤੀ ਵੀ ਬਦਲਦੀ ਹੈ। ਹਰ ਜੁਗ ਦੇ ਹਾਕਮ ਖ਼ਿਆਲ ਉਹੀ ਰਹੇ ਹਨ ਜੋ ਹਾਕਮ ਜਮਾਤ ਦੇ ਖ਼ਿਆਲ ਸਨ ।ਲੋਕ ਜਦ ਐਸੇ ਖ਼ਿਆਲਾਂ ਦਾ ਜ਼ਿਕਰ ਕਰਦੇ ਹਨ ਜਿਹਨਾਂ ਨਾਲ ਸਮਾਜ ਵਿੱਚ ਇਨਕਲਾਬ ਆਉਂਦਾ ਹੈ ਤਾਂ ਉਹ ਸਿਰਫ਼ ਇਸ ਹਕੀਕਤ ਦਾ ਇਜ਼ਹਾਰ ਕਰਦੇ ਹਨ ਕਿ ਪੁਰਾਣੇ ਸਮਾਜ ਦੇ ਅੰਦਰ ਇਕ ਨਵੇਂ ਸਮਾਜ ਦੇ ਅਨਸਰ ਪੈਦਾ ਹੋ ਗਏ ਹਨ ਅਤੇ ਜ਼ਿੰਦਗੀ ਦੇ ਪੁਰਾਣੇ ਹਾਲਾਤ ਦੇ ਨਾਲ ਨਾਲ ਹਰ ਕਦਮ ਪਰ ਪੁਰਾਣੇ ਖ਼ਿਆਲ ਵੀ ਮਿਟਦੇ ਜਾਂਦੇ ਹਨ। ਕਦੀਮ ਦੁਨੀਆਂ ਜਦ ਆਖ਼ਰੀ ਹਿਚਕੀਆਂ ਲੈ ਰਹੀ ਸੀ ਉਸ ਵਕਤ ਕਦੀਮ ਮਜ਼ਹਬਾਂ ਪਰ ਏਸਾਈਅਤ ਨੇ ਗ਼ਲਬਾ ਪਾ ਲਿਆ | ਅਤੇ ਅਠਾਰ੍ਹਵੀਂ ਸਦੀ ਵਿੱਚ ਜਦ ਅਕਲੀ ਖ਼ਿਆਲ ਦੇ ਸਾਹਮਣੇ ਈਸਾਈ ਖ਼ਿਆਲ ਨੇ ਹਥਿਆਰ ਰੱਖ ਦਿੱਤੇ ਉਸ ਵਕਤ ਜਾਗੀਰਦਾਰ ਸਮਾਜ ਆਪਣੇ ਜ਼ਮਾਨੇ ਦੀ ਇਨਕਲਾਬੀ ਬੁਰਜ਼ੁਆ ਜਮਾਤ ਤੋਂ ਜ਼ਿੰਦਗੀ ਦੀ ਬਾਜ਼ੀ ਹਾਰ ਚੁੱਕਾ ਸੀ । ਮਜ਼੍ਹਬੀ ਆਜ਼ਾਦੀ ਅਤੇ ਜ਼ਮੀਰ ਦੀ ਆਜ਼ਾਦੀ ਦੇ ਇਹ ਖ਼ਿਆਲ ਸਿਰਫ਼ ਇਹ ਜ਼ਾਹਰ ਕਰ ਰਹੇ ਸਨ ਕਿ ਇਲਮ ਦੀ ਦੁਨੀਆਂ ਵਿੱਚ ਆਜ਼ਾਦ ਮੁਕਾਬਲੇ ਦਾ ਰਾਜ ਕਾਇਮ ਹੋ ਚੁੱਕਾ ਹੈ। ਕਿਹਾ ਜਾਏਗਾ ਕਿ "ਬਿਨਾ ਸ਼ੱਕ ਤਾਰੀਖ਼ੀਵਿਕਾਸ ਦੌਰਾਨ ਮਜ਼੍ਹਬੀ , ਇਖ਼ਲਾਕੀ, ਫ਼ਲਸਫ਼ੀਆਨਾ, ਸਿਆਸੀ ਅਤੇ ਕਾਨੂੰਨੀ ਖ਼ਿਆਲਾਂ ਵਿੱਚ ਤਰਮੀਮ ਹੁੰਦੀ ਰਹੀ ਹੈ। ਲੇਕਿਨ ਮਜ਼ਹਬ , ਫ਼ਲਸਫ਼ਾ , ਰਾਜਨੀਤੀ ਵਿਗਿਆਨ ਅਤੇ ਕਾਨੂੰਨ ਇਹਨਾ ਤਬਦੀਲੀਆਂ ਦੇ ਬਾਵਜੂਦ ਹਮੇਸ਼ਾ ਕਾਇਮ ਰਹੇ।" “ਫਿਰ ਇਹਨਾ ਦੇ ਇਲਾਵਾ ਕੁਛ ਸਦੀਵੀ ਸਚਾਈਆਂ ਵੀ ਹਨ ਜਿਵੇਂ ਆਜ਼ਾਦੀ , ਇਨਸਾਫ਼ ਵਗ਼ੈਰਾ ਅਤੇ ਇਹ ਸਮਾਜ ਦੀਆਂ ਤਮਾਮ ਮੰਜਲਾਂ ਵਿੱਚ ਮੁਸ਼ਤਰਕਹਨ। ਲੇਕਿਨ ਕਮਿਊਨਿਜ਼ਮ ਤਮਾਮ ਸਦੀਵੀ ਸਚਾਈਆਂ ਤੋਂ ਮੁਨਕਰ ਹੈ। ਉਹ ਸਿਰੇਤੋਂ ਮਜ਼ਹਬ ਅਤੇ ਇਖ਼ਲਾਕ ਨੂੰ ਮਿਟਾ ਦਿੰਦਾ ਹੈ। ਇਹ ਨਹੀਂ ਕਿ ਉਹਨਾਂ ਦੀ ਕਿਸੇ ਨਵੀਂ ਬੁਨਿਆਦ ਪਰ ਸਾਜਨਾ ਕਰਦਾ ਹੋਵੇ । ਅਤੇ ਇਸ ਲਈ ਕਮਿਊਨਿਜ਼ਮ ਤਮਾਮ ਪਿਛਲੇ ਤਾਰੀਖ਼ੀ ਤਜਰਬੇ ਦੇ ਖ਼ਿਲਾਫ਼ ਚਲਦਾ ਹੈ। "ਇਸ ਇਲਜ਼ਾਮ ਦੇ

ਅਰਥ ਕੀ ਹਨ ? ਤਮਾਮ ਪਿਛਲੇ ਸਮਾਜਾਂ ਦੀ ਤਾਰੀਖ਼, ਜਮਾਤੀ ਵਿਰੋਧਾਂ ਦੇ ਵਿਕਾਸ ਦੀ ਤਾਰੀਖ਼ ਹੈ। ਇਹਨਾ ਵਿਰੋਧਾਂ ਨੇ ਵੱਖ ਵੱਖ ਦੌਰਾਂ ਵਿੱਚ ਵੱਖ ਵੱਖ ਸੂਰਤਾਂ ਇਖ਼ਤਿਆਰ ਕੀਤੀਆਂ ਹਨ। ਲੇਕਿਨ ਇਹਨਾ ਦੀ ਸੂਰਤ ਕੁਛ ਵੀ ਰਹੀ ਹੋਵੇ ਇਕ ਖ਼ਸੂਸੀਅਤ ਤਮਾਮ ਪਿਛਲੀਆਂ ਸਦੀਆਂ ਵਿੱਚ ਆਮ ਰਹੀ ਅਤੇ ਉਹ ਹੈ ਸਮਾਜ ਦੇ ਇਕ ਹਿੱਸੇ ਦੇ ਹੱਥੋਂ ਦੂਸਰੇ ਦਾ ਸੋਸ਼ਣ । ਇਸ ਲਈ ਕੋਈ ਹੈਰਤ ਦੀ ਬਾਤ ਨਹੀਂ ਕਿ ਪਿਛਲੀਆਂ ਸਦੀਆਂ ਦੀ ਸਮਾਜੀ ਚੇਤਨਾ ਅਪਣੀ ਰੰਗਾ ਰੰਗੀ ਅਤੇ ਅਨੇਕਤਾ ਦੇ ਬਾਵਜੂਦ ਬਾਅਜ਼ ਆਮ ਸੂਰਤਾਂ, ਚੇਤਨਾ ਦੀਆਂ ਸੂਰਤਾਂ ਦੇ ਅੰਦਰ ਅੰਦਰ ਚਲਦੀ ਰਹੀ ਹੈ ਅਤੇ ਇਹ ਉਸ ਵਕਤ ਤੱਕ ਪੂਰੀ ਤਰ੍ਹਾਂ ਨਹੀਂ ਮਿਟ ਸਕਦੀਆਂ ਜਦ ਤੱਕ ਕਿ ਖ਼ੁਦ ਜਮਾਤੀ ਵਿਰੋਧ ਬਿਲਕੁਲ ਦੂਰ ਨਾ ਹੋ ਜਾਣ । ਕਮਿਊਨਿਸਟ ਇਨਕਲਾਬ ਜਾਇਦਾਦ ਦੇ ਰਵਾਇਤੀ ਸੰਬੰਧਾਂ ਤੇ ਸਭ ਤੋਂ ਕਾਰੀ ਜ਼ਰਬ ਹੈ। ਇਸ ਲਈ ਕੋਈ ਹੈਰਤ ਦੀ ਗੱਲ ਨਹੀਂ ਕਿ ਇਸ ਦੇ ਵਿਕਾਸ ਦੀ ਲਪੇਟ ਵਿੱਚ ਆ ਕੇ ਰਵਾਇਤੀ ਖ਼ਿਆਲਾਂ ਦੀਆਂ ਜੜਾਂ ਵੀ ਕੱਟਦੀਆਂ ਜਾਂਦੀਆਂ ਹਨ। ਲੇਕਿਨ ਹੁਣ ਕਮਿਊਨਿਜ਼ਮ ਦੇ ਖਿਲਾਫ਼ ਇਤਰਾਜਾਂ ਦਾ ਕਿੱਸਾ ਖ਼ਤਮ ਕੀਤਾ ਜਾਵੇ । ਅਸੀਂ ਦੇਖ ਆਏ ਹਨ ਕਿ ਇਨਕਲਾਬ ਵਿੱਚ ਮਜ਼ਦੂਰ ਜਮਾਤ ਦਾ ਪਹਿਲਾ ਕਦਮ ਪ੍ਰੋਲਤਾਰੀ ਨੂੰ ਹੁਕਮਰਾਨ ਜਮਾਤ ਦੀ ਜਗ੍ਹਾ ਉਪਰ ਪਹੁੰਚਾਉਣਾ ਹੈ, ਜਮਹੂਰੀਅਤ ਦੀ ਲੜਾਈ ਜਿੱਤਣੀ ਹੈ। ਪ੍ਰੋਲਤਾਰੀ ਆਪਣੀ ਸਿਆਸੀ ਸੱਤਾ ਦੀ ਵਰਤੋਂ ਕਰਕੇ ਰਫ਼ਤਾ ਰਫ਼ਤਾ ਪੂਰਾ ਸਰਮਾਇਆ ਬੁਰਜ਼ੂਆ ਜਮਾਤ ਤੋਂ ਖੋਹ ਲਵੇਗਾ । ਪੈਦਾਵਾਰ ਦੇ ਤਮਾਮ ਸਾਧਨਾਂ ਨੂੰ ਰਿਆਸਤ ਜਾਨੀ ਹੁਕਮਰਾਨ ਜਮਾਤ ਦੀ ਸੂਰਤ ਵਿੱਚ ਸੰਗਠਿਤ ਪ੍ਰੋਲਤਾਰੀ ਦੇ ਹੱਥਾਂ ਵਿੱਚ ਕੇਂਦ੍ਰਿਤ ਕਰ ਦੇਵੇਗਾ ਅਤੇ ਫਿਰ ਜਿਤਨੀ ਤੇਜ਼ੀ ਨਾਲ ਹੋ ਸਕੇ ਤਮਾਮ ਪੈਦਾਵਾਰੀ ਸ਼ਕਤੀਆਂ ਨੂੰ ਤਰੱਕੀ ਦੇਵੇਗਾ। ਇਸ ਵਿੱਚ ਸ਼ੱਕ ਨਹੀਂ ਕਿ ਸ਼ੁਰੂ ਵਿੱਚ ਉਸ ਨੂੰ ਅਮਲ ਵਿੱਚ ਲਿਆਉਣ ਦੀ ਇਸ ਦੇ ਸਿਵਾ ਹੋਰ ਕੋਈ ਸੂਰਤ ਨਹੀਂ ਕਿ ਜਾਇਦਾਦ ਦੇ ਹੱਕ ਅਤੇ ਬੁਰਜ਼ੂਆ ਪੈਦਾਵਾਰ ਦੇ ਸੰਬੰਧਾਂ ਤੇ ਜਾਰਿਹਾਨਾ ਹਮਲਾ ਕੀਤਾ ਜਾਵੇ । ਲਿਹਾਜ਼ਾ ਐਸੀਆਂ ਤਦਬੀਰਾਂ ਇਖ਼ਤਿਆਰ ਕੀਤੀਆਂ ਜਾਣ ਜੋ ਆਰਥਿਕ ਪੱਖ ਤੋਂ ਨਾਕਾਫ਼ੀ ਅਤੇ ਨਾਕਾਰਾ ਮਾਅਲੂਮ ਹੋਣਗੀਆਂ, ਲੇਕਿਨ ਜੋ ਤਹਿਰੀਕ ਦੇ ਦੌਰਾਨ ਅਪਣੀਆਂ ਹੱਦਾਂ ਤੋਂ ਅੱਗੇ ਲੰਘ ਜਾਣਗੀਆਂ, ਤੇ ਇਹ ਗੱਲ ਪੁਰਾਣੇ ਸਮਾਜੀ ਨਿਜ਼ਾਮ ਤੇ ਹੋਰ ਹਮਲਿਆਂ ਦੀ ਜ਼ਰੂਰਤ ਪੈਦਾ ਕਰੇਗੀ ਜੋ ਪੈਦਾਵਾਰ ਢੰਗ ਦੀ ਬਿਲਕੁਲ ਕਾਇਆ ਪਲਟ ਦੇਣ ਲਈ ਬੇਹੱਦ ਜ਼ਰੂਰੀ ਹੋਣਗੇ। ਇਸ ਵਿੱਚ ਸ਼ੱਕ ਨਹੀਂ ਕਿ ਵੱਖ ਵੱਖ ਮੁਲਕਾਂ ਵਿੱਚ ਇਹ ਤਦਬੀਰਾਂ ਵੀ ਵੱਖ ਵੱਖ ਹੋਣਗੀਆਂ । ਤਾਂ ਵੀ, ਸਭ ਤੋਂ ਤਰੱਕੀ ਜਾਫ਼ਤਾ ਮੁਲਕਾਂ ਵਿੱਚ ਹੇਠ ਲਿਖੀਆਂ ਤਦਬੀਰਾਂ ਬੜੀ ਹੱਦ ਤੱਕ ਕਾਬਲੇ ਅਮਲ ਸਾਬਤ ਹੋਣਗੀਆਂ । ੧. ਜ਼ਮੀਨੀ ਜਾਇਦਾਦ ਦੇ ਹੱਕ ਨੂੰ ਮਿਟਾਉਣਾ ਅਤੇ ਪੂਰੇ ਲਗਾਨ ਨੂੰ ਪਬਲਿਕ ਮਕਸਦਾਂ ਲਈ ਖ਼ਰਚ ਕਰਨਾ । 2 . ਜ਼ਿਆਦਾ ਆਮਦਨੀ ਦੇ ਨਾਲ ਨਾਲ ਵਧਦਾ ਜਾਂਦਾ ਆਮਦਨ ਟੈਕਸ ਲਗਾਉਣਾ । .3 ਵਿਰਾਸਤ ਦੇ ਹੱਕ ਨੂੰ ਖਤਮ ਕਰਨਾ।. 4. ਵਤਨ ਤੋਂ ਪ੍ਰਵਾਸ ਕਰ ਜਾਣ ਵਾਲਿਆਂ ਅਤੇ ਬਾਗ਼ੀਆਂ ਦੀ ਜਾਇਦਾਦ ਜ਼ਬਤ ਕਰਨਾ।. 5. ਕਰਜੇ ਲੈਣ ਦੇਣ ਦਾ ਸਾਰਾ ਕਾਰੋਬਾਰ ਇਕ ਕੌਮੀ ਬੈਂਕ ਦੇ ਜ਼ਰੀਏ ਜਿਸ ਵਿੱਚ ਰਿਆਸਤ ਦਾ ਸਰਮਾਇਆ ਅਤੇ ਸਿਰਫ਼ ਇਸੇ ਦਾ ਅਜਾਰਾ ਹੋਵੇ ਰਿਆਸਤ ਦੇ ਹੱਥਾਂ ਵਿੱਚ ਕੇਂਦ੍ਰਿਤ ਕਰਨਾ । 6. ਸੰਚਾਰ ਅਤੇ ਆਵਾਜਾਈ ਦੇ ਤਮਾਮ ਵਸੀਲਿਆਂ ਤੇ ਰਿਆਸਤ ਦਾ ਕੇਂਦਰੀ ਕਬਜ਼ਾ ਹੋਣਾ। 7.ਰਿਆਸਤ ਦੇ ਕਾਰਖ਼ਾਨਿਆਂ ਅਤੇ ਪੈਦਾਵਾਰ ਦੇ ਸੰਦਾਂ ਦਾ ਵਿਸਤਾਰ ਕਰਨਾ । ਇਕ ਸਾਂਝੇ ਮਨਸੂਬੇ ਦੇ ਮੁਤਾਬਿਕ ਬੰਜਰ ਜ਼ਮੀਨ ਨੂੰ ਕਾਸ਼ਤ ਵਿੱਚ ਲਿਆਉਣਾ ਅਤੇ ਆਮ ਤੌਰ ਤੇ ਜ਼ਮੀਨ ਦੀ ਜ਼ਰਖ਼ੇਜ਼ੀ ਵਿੱਚ ਸੁਧਾਰ ਕਰਨਾ। 8.ਕੰਮ ਕਰਨ ਦੀ ਸਭ ਤੇ

ਇੱਕੋ ਜਿੰਨੀ ਜ਼ਿੰਮੇਦਾਰੀ ਹੋਣਾ। ਸਨਅਤੀ ਫ਼ੋਜਾਂ ਬਨਾਉਣਾ, ਖ਼ਾਸ ਕਰ ਜ਼ਰਾਇਤ ਦੇ ਲਈ। 9.ਜ਼ਰਾਇਤ ਅਤੇ ਸਨਅਤ ਨੂੰ ਜੋੜਨਾ ਅਤੇ ਮੁਲਕ ਵਿੱਚ ਆਬਾਦੀ ਦੀ ਤਕਸੀਮ ਐਸੇ ਸਤੁੰਲਿਤ ਅੰਦਾਜ਼ ਵਿੱਚ ਕਰਨਾ ਕਿ ਰਫ਼ਤਾ ਰਫ਼ਤਾ ਸ਼ਹਿਰ ਅਤੇ ਦਿਹਾਤ ਦਾ ਫ਼ਰਕ ਜਾਂਦਾ ਰਹੇ। 10. ਸਰਕਾਰੀ ਸਕੂਲਾਂ ਦੇ ਜ਼ਰੀਏ ਤਮਾਮ ਬੱਚਿਆਂ ਨੂੰ ਮੁਫ਼ਤ ਤਾਲੀਮ ਦੇਣਾ। ਕਾਰਖ਼ਾਨਿਆਂ ਵਿੱਚ ਬੱਚਿਆਂ ਤੋਂ ਕੰਮ ਲੈਣ ਦਾ ਮੌਜੂਦਾ ਰਿਵਾਜ ਬੰਦ ਕਰਨਾ । ਤਾਲੀਮ ਨੂੰ ਸਨਅਤੀ ਪੈਦਾਵਾਰ ਦੇ ਨਾਲ ਮਿਲਾਉਣਾ ਵਗ਼ੈਰਾ ਵਗ਼ੈਰਾ । ਵਿਕਾਸ ਦੇ ਦੌਰਾਨ ਜਦ ਜਮਾਤੀ ਫਰਕ ਮਿਟ ਜਾਣਗੇ ਅਤੇ ਤਮਾਮ ਪੈਦਾਵਾਰ ਪੂਰੀ ਕੌਮ ਦੀ ਇਕ ਵਸੀਹ ਸਮਾਜੀ ਜਥੇਬੰਦੀ ਦੇ ਹੱਥਾਂ ਵਿੱਚ ਜਮ੍ਹਾ ਹੋ ਜਾਏਗੀ , ਉਸ ਵਕਤ ਸਰਬਜਨਿਕ ਸੱਤਾ ਦੀ ਸਿਆਸੀ ਖਾਸੀਅਤ ਜਾਂਦੀ ਰਹੇਗੀ। ਸਿਆਸੀ ਸੱਤਾ ਅਸਲ ਵਿੱਚ ਇਕ ਜਮਾਤ ਦੁਆਰਾ ਦੂਸਰੀ ਜਮਾਤ ਤੇ ਜ਼ੁਲਮ ਕਰਨ ਲਈ ਸੰਗਠਿਤ ਸੱਤਾ ਹੀ ਹੁੰਦੀ ਹੈ । ਪ੍ਰੋਲਤਾਰੀ ਅਗਰ ਬੁਰਜ਼ੁਆ ਜਮਾਤ ਨਾਲ ਜਦੋਜਹਿਦ ਦੇ ਦੌਰਾਨ ਹਾਲਤਾਂ ਦੇ ਦਬਾਓ ਕਰਕੇ ਹੀ ਮਜਬੂਰ ਹੋ ਜਾਂਦੀ ਹੈ ਕਿ ਇਹ ਇਕ ਜਮਾਤ ਦੀ ਸੂਰਤ ਵਿੱਚ ਆਪਣੇ ਆਪ ਨੂੰ ਜਥੇਬੰਦ ਕਰੇ , ਅਗਰ ਇਨਕਲਾਬ ਦੀ ਬਦੌਲਤ ਉਹ ਹੁਕਮਰਾਨ ਜਮਾਤ ਬਣ ਜਾਂਦੀ ਹੈ ਅਤੇ ਇਸ ਤਰ੍ਹਾਂ ਪੈਦਵਾਰ ਦੇ ਪੁਰਾਣੇ ਸੰਬੰਧਾਂ ਨੂੰ ਜ਼ਬਰਦਸਤੀ ਖ਼ਤਮ ਕਰ ਦਿੰਦੀ ਹੈ ਤਾਂ ਉਹਨਾਂ ਦੇ ਨਾਲ ਉਹ ਉਹਨਾਂ ਹਾਲਤਾਂ ਨੂੰ ਵੀ ਖ਼ਤਮ ਕਰ ਦੇਵੇਗੀ ਜਿਹਨਾਂ ਉਤੇ ਜਮਾਤੀ ਵਿਰੋਧਾਂ ਅਤੇ ਖ਼ੁਦ ਜਮਾਤਾਂ ਦਾ ਵਜੂਦ ਮੁਨ੍ਹੱਸਰ ਹੈ। ਅਤੇ ਇਸ ਤਰ੍ਹਾਂ ਇਕ ਜਮਾਤ ਦੀ ਹੈਸੀਅਤ ਵਿੱਚ ਖ਼ੁਦ ਆਪਣੀ ਸਰਬੁਚਤਾ ਨੂੰ ਵੀ ਖ਼ਤਮ ਕਰ ਦੇਵੇਗੀ। ਪੁਰਾਣੇ ਬੁਰਜ਼ੁਆ ਸਮਾਜ ਅਤੇ ਉਸ ਦੇ ਤਬਕਿਆਂ ਅਤੇ ਜਮਾਤੀ ਵਿਰੋਧਾਂ ਦੀ ਥਾਂ ਇਕ ਐਸੀ ਜਥੇਬੰਦੀ ਕਾਇਮ ਹੋਵੇਗੀ ਜਿਸ ਵਿੱਚ ਹਰ ਸ਼ਖ਼ਸ ਦੀ ਆਜ਼ਾਦ ਤਰੱਕੀ ਸਭਨਾਂ ਦੀ ਆਜ਼ਾਦ ਤਰੱਕੀ ਦੀ ਸ਼ਰਤ ਹੋਵੇਗੀ।

# III. ਸੋਸ਼ਲਿਸਟ ਅਤੇ ਕਮਿਊਨਿਸਟ ਸਾਹਿਤ

## 1. ਪਿੱਛਾਖੜੀ ਸੋਸ਼ਲਿਜ਼ਮ

*ੳ.ਜਾਗੀਰਦਾਰੀ ਸੋਸ਼ਲਿਜ਼ਮ*

ਫ਼ਰਾਂਸ ਅਤੇ ਇੰਗਲੈਂਡ ਦੇ ਅਮੀਰਸ਼ਾਹੀਆਂ ਦੀ ਇਤਹਾਸਕ ਹੈਸੀਅਤ ਕੁੱਝ ਅਜਿਹੀ ਸੀ ਕਿ ਆਧੁਨਿਕ ਬੁਰਜ਼ੁਆ ਸਮਾਜ ਦੇ ਖਿਲਾਫ ਮੁਖ਼ਤਸਰ ਪਮਫ਼ਲਟ ਲਿਖਣਾ ਇਸ ਦਾ ਸ਼ੁਗਲ ਬਣ ਗਿਆ। ਜੁਲਾਈ 1830 ਦੇ ਫ਼ਰਾਂਸੀਸੀ ਇਨਕਲਾਬ ਅਤੇ ਅੰਗਰੇਜ਼ੀ ਸੁਧਾਰ ਤਹਿਰੀਕ ਵਿੱਚ ਅਮੀਰਸ਼ਾਹੀਆਂ ਨੂੰ ਇਕ ਵਾਰ ਫਿਰ ਉਸ ਜ਼ਲੀਲ ਨਵੇਂ ਦੌਲਤ ਮੰਦ ਦੇ ਸਾਹਮਣੇ ਹਥਿਆਰ ਸੁੱਟ ਦੇਣੇ ਪਏ। ਉਸ ਦਿਨ ਤੋਂ ਕਿਸੇ ਸੰਜੀਦਾ ਸਿਆਸੀ ਜਦੋਜਹਿਦ ਦਾ ਸਵਾਲ ਹੀ ਬਾਕੀ ਨਹੀਂ ਰਿਹਾ, ਹੁਣ ਸਿਰਫ਼ ਕਲਮ ਦੀ ਲੜਾਈ ਹੀ ਸੰਭਵ ਰਹਿ ਗਈ ਸੀ। ਲੇਕਿਨ ਸਾਹਿਤ ਦੇ ਮੈਦਾਨ ਵਿੱਚ ਵੀ ਬਾਦਸ਼ਾਹਤ ਦੀ ਪੁਨਰ ਸਥਾਪਨਾ [। ਇੰਗਲੈਂਡ ਦੀ 1660 ਤੋਂ 1689 ਦੀ ਬਾਦਸ਼ਾਹਤ ਦੀ ਨਹੀਂ ਬਲਕਿ 1814 ਤੋਂ ਤੱਕ ਦੀ ਫ਼ਰਾਂਸ ਦੀ ਬਾਦਸ਼ਾਹਤ ਦੀ ਪੁਨਰ ਸਥਾਪਨਾ।] ਦੇ ਜ਼ਮਾਨੇ ਦੇ ਨਾਅਰੇ ਬੁਲੰਦ ਕਰਨਾ ਹੁਣ ਮੁਹਾਲ ਹੋ ਗਿਆ ਸੀ।

ਹਮਦਰਦੀ ਪੈਦਾ ਕਰਨ ਦੀ ਗ਼ਰਜ਼ ਨਾਲ ਅਮੀਰਸ਼ਾਹੀ ਨੂੰ ਮਜਬੂਰ ਹੋਣਾ ਪਿਆ ਕਿ ਬਜ਼ਾਹਿਰ ਖ਼ੁਦ ਆਪਣੇ ਮੁਫ਼ਾਦ ਨੂੰ ਵੀ ਨਜ਼ਰ ਅੰਦਾਜ਼ ਕਰ ਦੇਵੇ ਅਤੇ ਬੁਰਜ਼ੁਆ ਜਮਾਤ ਦੇ ਖਿਲਾਫ ਫ਼ਰਦ ਜੁਰਮ ਮੁਰਤਬ ਕਰਨ ਵਿੱਚ ਸਿਰਫ਼ ਸੋਸ਼ਿਤ ਮਜ਼ਦੂਰ ਜਮਾਤ ਦੇ ਮੁਫ਼ਾਦ ਨੂੰ ਸਾਹਮਣੇ ਰੱਖੇ। ਇਸ ਤਰ੍ਹਾਂ ਅਮੀਰਸ਼ਾਹੀ ਨੇ ਆਪਣੇ ਨਵੇਂ ਮਾਲਕਾਂ ਤੋਂ ਇੰਤਕਾਮ ਦੀ ਸੂਰਤ ਇਹ ਕਢੀ ਕਿ ਉਸ ਦੀ ਸ਼ਾਨ ਵਿੱਚ ਚੋਭਵੀਆਂ ਨਜ਼ਮਾਂ ਲਿਖਦੀ ਰਹੇ ਅਤੇ ਆਉਣ ਵਾਲੀ ਤਬਾਹੀ ਦੀ ਗੂੰਜ ਉਸ ਦੇ ਕੰਨਾਂ ਤੱਕ ਪਹੁੰਚਾਉਂਦੀ ਰਵੇ।

ਇਸ ਤਰ੍ਹਾਂ ਜਾਗੀਰਦਾਰੀ ਸੋਸ਼ਲਿਜ਼ਮ ਦਾ ਜ਼ਹੂਰ ਹੋਇਆ : ਕੁਛ ਰੋਣਾ ਧੋਣਾ, ਕੁਛ ਮਿਹਣੇ ਬਾਜ਼ੀ , ਕੁਛ ਅਤੀਤ ਦੀ ਗੂੰਜ ਅਤੇ ਕੁਛ ਭਵਿਖ ਦਾ ਡਰ। ਕਦੇ ਕਦੇ ਅਪਣੀ ਤਲਖ਼ ਮਖੌਲੀਆ ਅਤੇ ਚੋਭਵੀਂ ਆਲੋਚਨਾ ਨਾਲ ਉਹ ਬੁਰਜ਼ੁਆ ਜਮਾਤ ਦੇ ਦਿਲ ਦੀਆਂ ਗਹਰਾਈਆਂ ਤੱਕ ਵਾਰ ਕਰ ਜਾਂਦਾ। ਲੇਕਿਨ ਆਧੁਨਿਕ ਇਤਹਾਸ ਦੇ ਤਕਾਜਿਆਂ ਨੂੰ ਸਮਝਣ ਤੋਂ ਬਿਲਕੁਲ ਅਸਮਰਥ ਹੋਣ ਕਾਰਨ ਉਸ ਦਾ ਅਸਰ ਹਮੇਸ਼ਾ ਹਾਸੋਹੀਣਾ ਹੁੰਦਾ।

ਅਮੀਰਸ਼ਾਹੀ ਨੇ ਲੋਕਾਂ ਨੂੰ ਆਪਣੇ ਗਿਰਦ ਇਕਠਾ ਕਰਨ ਦੇ ਲਈ ਮਜਦੂਰਾਂ ਦੇ ਨਾਮ ਤੇ ਖ਼ੈਰਾਤ ਦੀ ਝੋਲੀ ਚੁੱਕੀ ਅਤੇ ਇਸਨੂੰ ਆਪਣਾ ਪ੍ਰਚਮ ਬਣਾ ਲਿਆ। ਮਗਰ ਜਦੋਂ ਕਦੇ ਵੀ ਲੋਕ ਉਸ ਦੇ ਹਲਕੇ ਵਿੱਚ ਦਾਖ਼ਲ ਹੁੰਦੇ ਤਾਂ ਉਹਨਾਂ ਦੀ ਪਿਠ ਪਿੱਛੇ ਉਹੀ ਪੁਰਾਣੀ ਜਾਗੀਰਦਾਰੀ ਹਕੂਮਤ ਦਾ ਨਿਸ਼ਾਨ ਅਜੇ ਤੱਕ ਮਹਿਫ਼ੂਜ਼ ਦੇਖਦੇ , ਤਾਂ ਜ਼ੋਰ ਦੇ ਹਿਕਾਰਤ ਭਰੇ ਕਹਿਕਹੇ ਲਗਾਉਂਦੇ ਹੋਏ ਉਹ ਇਸ ਨੂੰ ਛੱਡ ਜਾਂਦੇ। ਫ਼ਰਾਂਸੀਸੀ ਵਿਰਾਸਤ ਪਸੰਦਾਂ [ ਸਾਊ ਜ਼ਮੀਨਦਾਰਾਂ ਦੀ ਪਾਰਟੀ ਜੋ ਚਾਹੁੰਦੇ ਸਨ ਕਿ ਫ਼ਰਾਂਸ ਵਿੱਚ ਦੁਬਾਰਾ ਬੂਰਬੋਂ ਖ਼ਾਨਦਾਨ ਦੀ ਬਾਦਸ਼ਾਹੀ ਕਾਇਮ ਹੋਵੇ - ਐਡੀਟਰ ]ਅਤੇ ਨੌਜਵਾਨ ਇੰਗਲੈਂਡ (ਯੰਗ ਇੰਗਲੈਂਡ ) ਦੇ ਇੱਕ ਹਿਸੇ ਨੇ ਇਹੀ ਨਜ਼ਾਰਾ ਪੇਸ਼ ਕੀਤਾ।[ ਯੰਗ ਇੰਗਲੈਂਡ: ਟੋਰੀ ਪਾਰਟੀ ਨਾਲ ਜੁੜੇ ਅੰਗਰੇਜ਼

ਕਦਾਮਤ ਪਸੰਦਾਂ ਦਾ ਗਿਰੋਹ 1842 ਦੇ ਲਾਗੇ ਚਾਗੇ ਕਾਇਮ ਹੋਇਆ ਸੀ। ਇਸ ਵਿੱਚ ਅਮੀਰ ਸਿਆਸਤਦਾਨ ਅਤੇ ਸਾਹਿਤਕਾਰ ਸਨ। ਇਸ ਵਿੱਚ ਡਜ਼ਰੇਲੀ , ਟਾਮਸ ਕਾਰਲਾਈਲ ਵਗ਼ੈਰਾ ਦੇ ਨਾਮ ਮਸ਼ਹੂਰ ਸਨ।] ਜੇਕਰ ਜਾਗੀਰਦਾਰੀ ਸਮਰਥਕ ਕਹਿੰਦੇ ਹਨ ਕਿ ਉਨ੍ਹਾਂ ਦਾ ਲੁੱਟਖਸੁੱਟ ਦਾ ਤਰੀਕਾ ਬੁਰਜ਼ੁਆ ਜਮਾਤ ਤੋਂ ਮੁਖ਼ਤਲਿਫ਼ ਸੀ , ਤਾਂ ਉਹ ਭੁਲ ਜਾਂਦੇ ਹਨ ਕਿ ਜਿਸ ਮਾਹੌਲ ਅਤੇ ਜਿਹਨਾਂ ਹਾਲਤਾਂ ਵਿੱਚ ਉਹ ਲੁੱਟਖਸੁੱਟ ਕਰਦੇ ਸਨ ਉਹ ਬਿਲਕੁਲ ਵੱਖ ਸਨ ਅਤੇ ਹੁਣ ਗਏ ਗੁਜ਼ਰੇ ਜ਼ਮਾਨੇ ਦੀ ਗੱਲ ਹੋ ਗਈਆਂ ਸਨ।ਜੇਕਰ ਉਹ ਕਹਿੰਦੇ ਹਨ ਕਿ ਉਸ ਦੇ ਜ਼ਮਾਨੇ ਵਿੱਚ ਆਧੁਨਿਕ ਪਰੋਲਤਾਰੀ ਦਾ ਕਿਤੇ ਵਜੂਦ ਨਹੀਂ ਸੀ ਤਾਂ ਉਹ ਭੁਲ ਜਾਂਦੇ ਹਨ ਕਿ ਆਧੁਨਿਕ ਬੁਰਜ਼ੁਆ ਜਮਾਤ ਉਸ ਦੇ ਸਮਾਜੀ ਨਿਜ਼ਾਮ ਦੀ ਹੀ ਪੈਦਾਵਾਰ ਹੈ। ਤੇ ਰਹੀ ਬਾਕੀ ਗੱਲ, ਉਹ ਅਪਣੀ ਆਲੋਚਨਾ ਦੇ ਪਿੱਛਾਖੜੀ ਖਾਸੇ ਨੂੰ ਛੁਪਾਉਣ ਦੀ ਬਹੁਤ ਘੱਟ ਕੋਸ਼ਿਸ਼ ਕਰਦੇ ਹਨ। ਬੁਰਜ਼ੁਆ ਜਮਾਤ ਦੇ ਖਿਲਾਫ ਉਨ੍ਹਾਂ ਦਾ ਸਭ ਤੋਂ ਵੱਡਾ ਇਲਜ਼ਾਮ ਇਹ ਹੈ ਕਿ ਬੁਰਜ਼ੁਆ ਨਿਜ਼ਾਮ ਹੇਠ ਇੱਕ ਅਜਿਹੀ ਜਮਾਤ ਪੈਦਾ ਹੋ ਰਹੀ ਹੈ ਜਿਸਨੇ ਪੁਰਾਣੇਸਮਾਜੀ ਨਿਜ਼ਾਮ ਨੂੰ ਐਨ ਬੁਨਿਆਦ ਤੋਂ ਹੀ ਉਖਾੜ ਸੁੱਟਣਾ ਹੈ। ਉਹ ਬੁਰਜ਼ੁਆ ਜਮਾਤ ਨੂੰ ਸਿਰਫ ਇਸ ਗੱਲ ਦੇ ਲਈ ਹੀ ਨਹੀਂ ਕਿ ਉਹ ਪਰੋਲਤਾਰੀ ਪੈਦਾ ਕਰਦਾ ਹੈ ਸਗੋਂ ਇਸ ਲਈ ਜ਼ਿਆਦਾ ਝਿੜਕਾਂ ਦਿੰਦੇ ਹਨ ਕਿ ਉਹ ਇਨਕਲਾਬੀ ਪ੍ਰੋਲਤਾਰੀ ਪੈਦਾ ਕਰਦਾ ਹੈ। ਇਸ ਲਈ ਅਮਲੀ ਸਿਆਸਤ ਵਿੱਚ ਉਹ ਮਜ਼ਦੂਰ ਜਮਾਤ ਦੇ ਖਿਲਾਫ ਤਸ਼ਦਦ ਦੀਆਂ ਸਾਰੀਆਂ ਕਾਰਵਾਈਆਂ ਵਿੱਚ ਪੂਰਾ ਹਿੱਸਾ ਲੈਂਦੇ ਹਨ , ਅਤੇ ਰੋਜ਼ਮਰਾ ਦੀ ਜਿੰਦਗੀ ਵਿੱਚ ਅਪਣੀਆਂ ਸਾਰੀਆਂ ਵੱਡੀਆਂ ਵੱਡੀਆਂ ਡੀਂਗਾਂ ਦੇ ਬਾਵਜੂਦ ਸਨਅਤ ਦੇ ਦਰਖ਼ਤ ਤੋਂ ਜੋ ਸੁਨਹਿਰੇ ਫਲ ਟਪਕਦੇ ਹਨ ਉਨ੍ਹਾਂ ਨੂੰ ਚੁੱਕਣ ਦੇ ਲਈ ਟੁਟ ਪੈਂਦੇ ਹਨ ਅਤੇ ਉੱਨ, ਚਕੰਦਰ ਦੀ ਖੰਡ ਅਤੇ ਆਲੂਆਂ ਦੀ ਸ਼ਰਾਬ ਦੀ ਤਜਾਰਤ ਵਿੱਚ ਸੱਚਾਈ , ਮੁਹਬਤ ਅਤੇ ਗ਼ੈਰਤ ਸਭ ਕੁਝ ਦਾ ਸੌਦਾ ਕਰਨ ਤੱਕ ਨਿਘਰ ਜਾਂਦੇ ਹਨ। [ ਇਹ ਗੱਲ ਖਾਸ ਤੌਰ ਤੇ ਜਰਮਨੀ ਤੇ ਪੂਰੀ ਉਤਰਦੀ ਹੈ ਜਿੱਥੇ ਦੇ ਜ਼ਮੀਨਦਾਰ ਅਮੀਰਸ਼ਾਹ ਅਤੇ ਵੱਡੇ ਵੱਡੇ ਆਰਾਜ਼ੀਦਾਰ ਅਪਣੀਆਂ ਜ਼ਮੀਨਾਂ ਦੇ ਜ਼ਿਆਦਾ ਹਿਸੇ ਤੇ ਆਪਣੇ ਲਈ ਗਮਾਸ਼ਤਿਆਂ ਦੇ ਜ਼ਰੀਏ ਖੇਤੀ ਕਰਾਉਂਦੇ ਹਨ ਅਤੇ ਨਾਲ ਹੀ ਉਹ ਸ਼ਕਰ ਅਤੇ ਸ਼ਰਾਬ ਦੇ ਵੱਡੇ ਵੱਡੇ ਕਾਰਖ਼ਾਨਿਆਂ ਦੇ ਮਾਲਿਕ ਹਨ।ਅੰਗਰੇਜ਼ ਅਮੀਰਸ਼ਾਹੀ ਜੋ ਇਸ ਤੋਂ ਵੀ ਜ਼ਿਆਦਾ ਦੌਲਤ ਮੰਦ ਹੈ , ਅਜੇ ਤੱਕ ਇਨ੍ਹਾਂ ਗੱਲਾਂ ਤੋਂ ਉੱਪਰ ਹੈ।ਲੇਕਿਨ ਉਹ ਵੀ ਆਪਣੇ ਘਟਦੇ ਹੋਏ ਲਗਾਨ ਨੂੰ ਪੂਰਾ ਕਰਨ ਦੇ ਤਰੀਕੇ ਖ਼ੂਬ ਜਾਣਦੀ ਹੈ ਅਤੇ ਸ਼ੱਕੀ ਕਿਸਮ ਦੀਆਂ ਜੁਆਇੰਟ ਸਟਾਕ ਕੰਪਨੀਆਂ ਖੋਹਲਣ ਵਾਲਿਆਂ ਨੂੰ ਆਪਣਾ ਨਾਮ ਉਧਾਰ ਦਿੰਦੀ ਹੈ ਜਰਮਨੀ ਦਾ ਇਹ ਪੈਟੀ ਬੁਰਜ਼ੁਆ ਜਮਾਤ ਸੋਲਵੀਂ ਸਦੀ ਦੀ ਨਿਸ਼ਾਨੀ ਹੈ ਅਤੇ ਉਸ ਵਕਤ ਤੋਂ ਬਰਾਬਰ ਮੁਖ਼ਤਲਿਫ਼ ਸੂਰਤਾਂ ਵਿੱਚ ਅਵਤਾਰ ਧਾਰਦਾ ਰਿਹਾ ਹੈ ਅਤੇ ਇਹੀ ਮੌਜੂਦਾ ਸੂਰਤੇ ਹਾਲ ਦੀ ਅਸਲੀ ਸਮਾਜੀ ਬੁਨਿਆਦ ਹੈ।-1888 ਦੀ ਅੰਗ੍ਰੇਜੀ ਐਡੀਸਨ ਲਈ ਏਂਗਲਜ਼ ਦਾ ਨੋਟ ] ਮਸੀਹੀ ਸੋਸ਼ਲਿਜ਼ਮ ਅਤੇ ਜਾਗੀਰਦਾਰੀ ਸੋਸ਼ਲਿਜ਼ਮ ਵਿੱਚ ਉਸੇ ਤਰ੍ਹਾਂ ਚੋਲੀ ਦਾਮਨ ਦਾ ਸਾਥ ਹੈ , ਜਿਸ ਤਰ੍ਹਾਂ ਪਾਦਰੀ ਅਤੇ ਜ਼ਮੀਨਦਾਰ ਵਿੱਚ। ਇਸਾਈ ਸਨਿਆਸ ਨੂੰ ਸੋਸ਼ਲਿਜ਼ਮ ਦਾ ਜਾਮਾ ਪੁਆਉਣ ਤੋਂ ਜ਼ਿਆਦਾ ਆਸਾਨ ਹੋਰ ਕੋਈ ਕੰਮ ਨਹੀਂ। ਕੀ ਇਸਾਈਅਤ ਨੇ ਵੀ ਜ਼ਾਤੀ ਮਲਕੀਅਤ ਦੇ ਖਿਲਾਫ਼ਵਿਆਹ ਦੇ ਖਿਲਾਫ਼ ਅਤੇ ਰਿਆਸਤ ਦੇ ਖਿਲਾਫ ਫ਼ਤਵੇ ਨਹੀਂ ਜਾਰੀ ਕੀਤੇ ? ਕੀ ਇਸ ਨੇ ਵੀ ਇਹਨਾਂ ਦੀ ਜਗਹਾ ਤੇ ਦਾਨ ਪੁੰਨ ਅਤੇ ਫ਼ੱਕਰਪੁਣੇ ਦਾ, ਬ੍ਰਹਮਚਰੀਏ ਅਤੇ ਘੋਰ ਤਪਸਵੀ ਜਿੰਦਗੀ ਦਾ ਅਤੇ ਮੱਠਾਂ ਦੇ ਜੀਵਨ ਅਤੇ ਚਰਚ ਮਾਤਾ

ਦਾ ਪ੍ਰਚਾਰ ਨਹੀਂ ਕੀਤਾ? ਮਸੀਹੀ ਸੋਸ਼ਲਿਜ਼ਮ ਕੇਵਲ ਉਹ ਗੰਗਾ ਜਲ ਹੈ ਜਿਸ ਦੇ ਛਿੱਟਿਆਂ ਨਾਲ ਪਾਦਰੀ ਅਮੀਰਸ਼ਾਹ ਦੇ ਦਿਲ ਦੀ ਜਲਨ ਨੂੰ ਠੰਡਕ ਪਹੁੰਚਾਉਂਦਾ ਹੈ।

*ਅ.ਪੈਟੀ ਬੁਰਜ਼ੂਆ ਸੋਸ਼ਲਿਜ਼ਮ*

ਜਾਗੀਰਦਾਰ ਅਮੀਰਸ਼ਾਹੀ ਹੀ ਇਕ ਅਜਿਹਾ ਜਮਾਤ ਨਹੀਂ ਜਿਸ ਨੂੰ ਬੁਰਜ਼ੂਆ ਜਮਾਤ ਨੇ ਬਰਬਾਦ ਕੀਤਾ ਹੋਵੇ। ਜਿਸ ਦਾ ਨਿਜ਼ਾਮ ਜਿੰਦਗੀ ਆਧੁਨਿਕ ਬੁਰਜ਼ੂਆ ਸਮਾਜ ਦੀ ਫ਼ਿਜ਼ਾ ਵਿੱਚ ਝੁਲਸ ਕੇ ਬਰਬਾਦ ਹੋ ਚੁਕਾ ਹੋਵੇ। ਮਧਕਾਲ ਦੇ ਸ਼ਹਿਰੀ ਵਪਾਰੀ ਅਤੇ ਛੋਟੇ ਆਰਾਜ਼ੀਦਾਰ ਕਿਸਾਨ ਆਧੁਨਿਕ ਬੁਰਜ਼ੂਆ ਜਮਾਤ ਦੇ ਪੇਸ਼ ਰੌ ਸਨ। ਜਿਨ੍ਹਾਂ ਮੁਲਕਾਂ ਵਿੱਚ ਸਨਅਤ ਅਤੇ ਤਜਾਰਤ ਨੇ ਜ਼ਿਆਦਾ ਤਰਕੀ ਨਹੀਂ ਕੀਤੀ ਓਥੇ ਅੱਜ ਵੀ ਇਹ ਦੋਵੇਂ ਜਮਾਤ ਨਵੇਂ ਉਠ ਰਹੇ ਬੁਰਜ਼ੂਆ ਜਮਾਤ ਦੇ ਪਹਿਲੂ ਬਾ ਪਹਿਲੂ ਭੈੜੇ ਭਲੇ ਜਿੰਦਗੀ ਦੇ ਦਿਨ ਕੱਟ ਰਹੇ ਹਨ।

ਜਿਨ੍ਹਾਂ ਮੁਲਕਾਂ ਵਿੱਚ ਆਧੁਨਿਕ ਤਹਿਜ਼ੀਬ ਪੂਰੇ ਜੋਬਨ ਤੇ ਪਹੁੰਚ ਗਈ ਹੈ ਓਥੇ ਪੈਟੀ ਬੁਰਜ਼ੂਆ ਦਾ ਇਕ ਨਵਾਂ ਜਮਾਤ ਬਣ ਗਿਆ ਹੈ ਜੋ ਪਰੋਲਤਾਰੀ ਅਤੇ ਬੁਰਜ਼ੂਆ ਜਮਾਤ ਦੇ ਵਿੱਚਕਾਰ ਡਾਵਾਂ ਡੋਲ ਰਹਿੰਦਾ ਹੈ ਅਤੇ ਬੁਰਜ਼ੂਆ ਸਮਾਜ ਦੇ ਇਕ ਜ਼ਿਮਨੀ ਹਿਸੇ ਦੀ ਹੈ ਸੀਅਤ ਨਾਲ ਬਰਾਬਰ ਆਪਣਾ ਨਵੀਨੀਕਰਨ ਕਰਦਾ ਰਹਿੰਦਾ ਹੈ। ਲੇਕਿਨ ਮੁਕਾਬਲਾ ਇਸ ਜਮਾਤ ਦੇ ਵਿਅਕਤੀਆਂ ਨੂੰ ਇਕ ਇਕ ਕਰਕੇ ਮਜ਼ਦੂਰ ਜਮਾਤ ਦੇ ਅੰਦਰ ਧੱਕਦਾ ਰਹਿੰਦਾ ਹੈ ਅਤੇ ਜਿਉਂ ਜਿਉਂ ਆਧੁਨਿਕ ਸਨਅਤ ਤਰੱਕੀ ਕਰਦੀ ਹੈ ਉਹ ਖ਼ੁਦ ਉਸ ਲਮਹੇ ਨੂੰ ਕਰੀਬ ਆਉਂਦਾ ਦੇਖ ਲੈਂਦੇ ਹਨ ਜਦੋਂ ਆਧੁਨਿਕ ਸਮਾਜ ਵਿੱਚ ਉਸ ਦੀ ਆਜ਼ਾਦ ਹੈਸੀਅਤ ਖ਼ਤਮ ਹੋ ਜਾਵੇਗੀ ਅਤੇ ਸਨਅਤ ਜ਼ਰਾਇਤ ਅਤੇ ਤਜਾਰਤ ਵਿੱਚ ਨਿਗਰਾਨ ਕਾਰਿੰਦੇ ਅਤੇ ਦੁਕਾਨ ਦੇ ਮੁਲਾਜ਼ਮ ਉਸ ਦੀ ਜਗ੍ਹਾ ਲੈ ਲੈਣਗੇ।

ਫ਼ਰਾਂਸ ਵਰਗੇ ਮੁਲਕਾਂ ਵਿੱਚ ਜਿਥੇ ਆਬਾਦੀ ਵਿੱਚ ਅੱਧੇ ਤੋਂ ਜ਼ਿਆਦਾ ਕਿਸਾਨ ਹਨ, ਓਥੇ ਇਹ ਕੁਦਰਤੀ ਗੱਲ ਸੀ ਕਿ ਬੁਰਜ਼ੂਆ ਜਮਾਤ ਦੇ ਖਿਲਾਫ ਪਰੋਲਤਾਰੀ ਦਾ ਸਾਥ ਦੇਣ ਵਾਲੇ ਲੇਖਕ ਬੁਰਜ਼ੂਆ ਨਿਜ਼ਾਮ ਦੀ ਆਲੋਚਨਾ ਕਰਨ ਵਿੱਚ ਕਿਸਾਨ ਜਾਂ ਪੈਟੀ ਬੁਰਜ਼ੂਆ ਜਮਾਤ ਦੀ ਕਸੌਟੀ ਤੋਂ ਕੰਮ ਲੈਂਦੇ ਅਤੇ ਇਹਨਾਂ ਦਰਮਿਆਨੇ ਤਬਕਿਆਂ ਦੇ ਨੁਕਤੇ ਨਜ਼ਰ ਤੋਂ ਮਜ਼ਦੂਰ ਜਮਾਤ ਦੀ ਪੁਸ਼ਤ ਪਨਾਹੀ ਕਰਦੇ। ਇਸ ਤਰ੍ਹਾਂ ਪੈਟੀ ਬੁਰਜ਼ੂਆ ਸੋਸ਼ਲਿਜ਼ਮ ਪੈਦਾ ਹੋਇਆ। ਸਿਸਮੋਂਦੀ ਸਿਰਫ਼ ਫ਼ਰਾਂਸ ਵਿੱਚ ਹੀ ਨਹੀਂ ਬਲਕਿ ਇੰਗਲੈਂਡ ਵਿੱਚ ਵੀ ਇਸ ਧਾਰਾ ਦੇ ਲੋਕਾਂ ਦਾ ਮੁਖੀ ਸੀ।

ਸੋਸ਼ਲਿਜ਼ਮ ਦੀ ਇਸ ਧਾਰਾ ਨੇ ਆਧੁਨਿਕ ਪੈਦਾਵਾਰੀ ਤਾਲੁਕਾਤ ਵਿੱਚ ਤਜ਼ਾਦ ਦੀ ਛਾਣ ਬੀਣ ਕਰਨ ਵਿੱਚ ਬਹੁਤ ਤੀਖਣ ਬੁਧੀ ਦਾ ਪ੍ਰਮਾਣ ਦਿੱਤਾ। ਇਸ ਨੇ ਅਰਥਵਿਗਿਆਨੀਆਂ ਦੀਆਂ ਦੰਭੀ ਬਹਾਨੇਸਾਜ਼ੀਆਂ ਦਾ ਪਰਦਾ ਫ਼ਾਸ਼ ਕੀਤਾ। ਇਸ ਨੇ ਨਾਕਾਬਲੇ ਤਰਦੀਦ ਦਲੀਲਾਂ ਨਾਲ ਸਾਬਤ ਕੀਤਾ ਕਿ ਮਸ਼ੀਨ ਸਾਜ਼ੀ ਅਤੇ ਮਿਹਨਤ ਦੀ ਵੰਡ, ਚੰਦ ਹੱਥਾਂ ਵਿੱਚ ਸਰਮਾਇਆ ਅਤੇ ਜ਼ਮੀਨ ਦਾ ਜਮ੍ਹਾ ਹੋਣਾ, ਫ਼ਾਜ਼ਲ ਪੈਦਾਵਾਰ ਅਤੇ ਸੰਕਟ ਕਿਸ ਕਿਸ ਤਰ੍ਹਾਂ ਦੇ ਤਬਾਹਕੁਨ ਅਸਰ ਪੈਦਾ ਕਰਦੇ ਹਨ। ਇਸ ਨੇ ਪੈਟੀ ਬੁਰਜ਼ੂਆ ਅਤੇ ਕਿਸਾਨਾਂ ਦੀ ਅਟੱਲ ਬਰਬਾਦੀ, ਮਜ਼ਦੂਰ ਜਮਾਤ ਦੀ ਮੰਦਹਾਲੀ, ਪੈਦਾਵਾਰ ਦੀ ਅਫਰਾਤਫਰੀ, ਦੌਲਤ ਦੀ ਵੰਡ ਵਿੱਚ ਸ਼ਦੀਦ ਨਾਬਰਾਬਰੀ, ਕੌਮਾਂ ਦੀ ਆਪਸ ਵਿੱਚ ਇਕ ਦੂੱਜੇ ਨੂੰ ਮਿਟਾ

ਦੇਣ ਵਾਲੀ ਸਨਅਤੀ ਜੰਗ , ਪੁਰਾਣੇ ਇਖ਼ਲਾਕੀ ਬੰਧਨਾਂ , ਪੁਰਾਣੇ ਖ਼ਾਨਦਾਨੀ ਰਿਸ਼ਤਿਆਂ ਅਤੇ ਪੁਰਾਣੀਆਂ ਕੌਮੀਅਤਾਂ ਦੀ ਬਰਬਾਦੀ ਵੱਲ ਧਿਆਨ ਦਿਵਾਇਆ।

ਲੇਕਿਨ ਆਪਣੇ ਹਾਂ-ਪੱਖੀ ਮਕਸਦਾਂ ਵਿੱਚ ਇਸ ਕਿਸਮ ਦਾ ਸੋਸ਼ਲਿ ਜ਼ਮ ਜਾਂ ਤਾਂ ਪੈਦਾਵਾਰ ਅਤੇ ਤਬਾਦਲੇ ਦੇ ਪੁਰਾਣੇ ਵਸੀਲਿਆਂ ਨੂੰ ਅਤੇ ਇਸ ਦੇ ਨਾਲ ਮਲਕੀਅਤ ਦੇ ਪੁਰਾਣੇ ਰਿਸ਼ਤਿਆਂ ਅਤੇ ਪੁਰਾਣੇ ਸਮਾਜ ਨੂੰ ਬਹਾਲ ਕਰਨ ਦਾ ਚਾਹਵਾਨ ਹੈ ਜਾਂ ਫਿਰ ਪੈਦਾਵਾਰ ਅਤੇ ਤਬਾਦਲੇ ਦੇ ਆਧੁਨਿਕ ਵਸੀਲਿਆਂ ਨੂੰ ਮਲਕੀਅਤ ਦੇ ਪੁਰਾਣੇ ਰਿਸ਼ਤਿਆਂ ਦੀ ਹੱਦ ਬੰਦੀ ਦੇ ਅੰਦਰ ਤਾੜਨਾ ਚਾਹੁੰਦਾ ਹੈ , ਹਾਲਾਂਕਿ ਇਨ੍ਹਾਂ ਵਸੀਲਿਆਂ ਨੇ ਹੀ ਉਹ ਰਿਸ਼ਤੇ ਧਮਾਕੇ ਦੇ ਨਾਲ ਭੰਨੇ ਸਨ। ਅਤੇ ਇਹ ਹਰ ਹਾਲ ਹੋਣਾ ਹੀ ਸੀ। ਦੋਨਾਂ ਸੂਰਤਾਂ ਵਿੱਚ ਇਹ ਸੋਸ਼ਲਿਜ਼ਮ ਰਜਅਤ ਪ੍ਰਸਤ ਅਤੇ ਯੂਟੋਪੀਆਈ ਹੈ।

ਕਾਰਖਾਨੇਦਾਰੀ ਵਿੱਚ ਕਾਰਪੋਰੇਟ ਗਿਲਡ ਅਤੇ ਜ਼ਰਾਇਤ ਵਿੱਚ ਪਿੱਤਰੀਵਾਦੀ ਰਿਸ਼ਤੇ , ਇਹੀ ਇਸ ਸੋਸ਼ਲਿਜ਼ਮ ਦਾ ਅੱਖਰੇ ਆਖਿਰ ਹੈ।

ਲੇਕਿਨ ਅੰਤ ਵਿੱਚ ਜਦੋਂ ਇਤਹਾਸ ਦੀਆਂ ਅਟਲ ਹਕੀਕਤਾਂ ਨੇ ਖ਼ੁਦ ਫ਼ਰੇਬੀ ਦਾ ਤਮਾਮ ਸਰੂਰ ਉਤਾਰ ਦਿੱਤਾ ਤਾਂ ਇਸ ਕਿਸਮ ਦੇ ਸੋਸ਼ਲਿਜ਼ਮ ਦਾ ਅੰਤ ਨਸ਼ੇ ਦੀ ਇੰਤਹਾਈ ਦੁਖਦਾਈ ਤੋੜ ਦੇ ਆਲਮ ਵਿੱਚ ਹੋਇਆ

### *ਜਰਮਨ ਜਾਂ " ਸੱਚਾ" ਸੋਸ਼ਲਿਜ਼ਮ*

ਫ਼ਰਾਂਸ ਦਾ ਸੋਸ਼ਲਿਸਟ ਅਤੇ ਕਮਿਊਨਿਸਟ ਸਾਹਿਤ ਅਜਿਹਾ ਸਾਹਿਤ ਸੀ ਜੋ ਸੱਤਾਧਾਰੀ ਬੁਰਜ਼ੁਆ ਜਮਾਤ ਦੇ ਦਬਾਓ ਦੇ ਤਹਿਤ ਪੈਦਾ ਹੋਇਆ ਸੀ ਅਤੇ ਜੋ ਇਸ ਸੱਤਾ ਦੇ ਖਿਲਾਫ ਜਦੋਜਹਿਦ ਦਾ ਪ੍ਰਗਟਾ ਸੀ। ਇਹ ਸਾਹਿਤ ਜਰਮਨੀ ਉਸ ਵਕਤ ਅੱਪੜਿਆ ਜਦੋਂ ਇਸ ਮੁਲਕ ਦਾ ਬੁਰਜ਼ੁਆ ਜਮਾਤ ਜਾਗੀਰਦਾਰ ਨਿਰੰਕੁਸ਼ਵਾਦ ਦੇ ਖਿਲਾਫ ਅਜੇ ਮੈਦਾਨ ਵਿੱਚ ਉੱਤਰਿਆ ਹੀ ਸੀ।

ਜਰਮਨੀ ਦੇ ਫ਼ਲਸਫ਼ੀ , ਭਾਵੀ ਫ਼ਲਸਫ਼ੀ ਅਤੇ ਲਛੇਦਾਰ ਭਾਸ਼ਾ ਦੇ ਪ੍ਰੇਮੀ ਵਿਦਵਾਨ ਵੱਡੇ ਉਤਸਾਹ ਨਾਲ ਇਸ ਸਾਹਿਤ ਤੇ ਟੁਟ ਪਏ। ਬੱਸ ਏਨਾ ਭੁੱਲ ਗਏ ਕਿ ਇਹ ਲਿਖਤਾਂ ਜਦੋਂ ਫ਼ਰਾਂਸ ਤੋਂ ਜਰਮਨੀ ਆਈਆਂ ਤਾਂ ਉਹਨਾਂ ਦੇ ਨਾਲ ਫ਼ਰਾਂਸ ਦੇ ਸਮਾਜੀ ਹਾਲਾਤ ਨਹੀਂ ਆਏ ਸਨ। ਜਰਮਨੀ ਦੇ ਸਮਾਜੀ ਹਾਲਾਤ ਵਿੱਚ ਆਉਂਦਿਆਂ ਹੀ ਇਹ ਫ਼ਰਾਂਸੀਸੀ ਸਾਹਿਤ ਅਪਣੀ ਸਾਰੀ ਫ਼ੌਰੀ ਅਮਲੀ ਅਹਿਮੀਅਤ ਖੋਹ ਬੈਠਾ ਅਤੇ ਇਸ ਨੇ ਖ਼ਾਲਸ ਸਾਹਿਤਕ ਸੂਰਤ ਧਾਰਨ ਕਰ ਲਈ। ਇਸ ਤਰ੍ਹਾਂ ਅਠਾਰਵੀਂ ਸਦੀ ਦੇ ਜਰਮਨ ਫਿਲਾਸਫਰਾਂ ਦੀ ਨਜ਼ਰ ਵਿੱਚ ਪਹਿਲੇ ਫ਼ਰਾਂਸੀਸੀ ਇਨਕਲਾਬ ਦੀਆਂ ਮੰਗਾਂ ਆਮ ਤੌਰ ਤੇ "ਅਮਲੀ ਮੰਤਕ" ਦੇ ਤਕਾਜਿਆਂ ਦੇ ਸਿਵਾ ਹੋਰ ਕੁੱਝ ਨਹੀਂ ਸਨ ਅਤੇ ਉਹਨਾਂ ਦੇ ਖ਼ਿਆਲ ਵਿੱਚ ਫ਼ਰਾਂਸ ਦੀ ਇਨਕਲਾਬੀ ਬੁਰਜ਼ੁਆਜ਼ੀ ਦੀ ਰਜ਼ਾ ਦਾ ਇਜ਼ਹਾਰ ਦਰਅਸਲ ਖ਼ਾਲਸ ਰਜ਼ਾ ਜਾਂ ਰਜ਼ਾ ਦੀ ਅਸਲੀ ਸੂਰਤ ਯਾਨੀ ਸੱਚੀ ਇਨਸਾਨੀ ਰਜ਼ਾ ਦੇ ਕਾਨੂੰਨਾਂ ਦੀ ਅਹਿਮੀਅਤ ਰੱਖਦਾ ਸੀ।

ਜਰਮਨੀ ਦੇ ਬੁਧੀਜੀਵੀਆਂ ਦਾ ਕੰਮ ਮਹਿਜ਼ ਇਹ ਸੀ ਕਿ ਨਵੇਂ ਫ਼ਰਾਂਸੀਸੀ ਖ਼ਿਆਲਾਂ ਨੂੰ ਆਪਣੀ ਪੁਰਾਤਨ ਫ਼ਲਸਫ਼ੀਆਨਾ ਫ਼ਰਾਂਸੀਸੀ ਜ਼ਮੀਰ ਨਾਲ ਇਕਸੁਰਤਾ ਵਿੱਚ ਲਿਆਉਣ ਜਾਂ ਸਗੋਂ ਆਪਣੇ ਫ਼ਲਸਫ਼ੀਆਨਾ ਨੁਕਤਾ ਨਜ਼ਰ ਨੂੰ ਛੱਡੇ ਬਗੈਰ ਫ਼ਰਾਂਸੀਸੀ ਖ਼ਿਆਲਾਂ ਨੂੰ ਆਪਣਾ ਲੈਣ।

ਇਹਨਾਂ ਖ਼ਿਆਲਾਂ ਨੂੰ ਉਹਨਾਂ ਨੇ ਇਸ ਤਰ੍ਹਾਂ ਅਪਣਾਇਆ ਜਿਵੇਂ ਕਿਸੇ ਬਦੇਸੀ ਜ਼ਬਾਨ ਦੇ ਸਾਹਿਤ ਨੂੰ ਅਪਣਾਇਆ ਜਾਂਦਾ ਹੈ ਯਾਨੀ ਤਰਜਮੇ ਦੇ ਜ਼ਰੀਏ ।

ਇਹ ਸਭ ਨੂੰ ਮਾਲੂਮ ਹੈ ਕਿ ਕਿਵੇਂ ਕਦੀਮ ਜ਼ਮਾਨੇ ਦੇ ਕਲਾਸਿਕੀ ਕਲਮੀ ਨੁਸਖਿਆਂ ਦੇ ਮਸੌਦਿਆਂ ਦੇ ਉਪਰ ਭਿਕਸੂਆਂ ਨੇ ਕੈਥੋਲਿਕ ਸੰਤਾਂ ਦੀਆਂ ਅਹਿਮਕਾਨਾ ਜੀਵਨੀਆਂ ਲਿਖੀਆਂ ਸਨ । ਜਰਮਨੀ ਦੇ ਬੁਧੀਜੀਵੀਆਂ ਨੇ ਫ਼ਰਾਂਸ ਦੇ ਦੁਨਿਆਵੀ ਸਾਹਿਤ ਦੇ ਸਿਲਸਿਲੇ ਵਿੱਚ ਇਸ ਤਰੀਕੇ ਨੂੰ ਉਲਟਾ ਦਿੱਤਾ । ਫ਼ਰਾਂਸੀਸੀ ਖ਼ਿਆਲਾਂ ਨੂੰ ਉਹਨਾਂ ਨੇ ਆਪਣਾ ਫ਼ਲਸਫ਼ੀਆਨਾ ਬਕਵਾਸ ਲਿਖਣ ਦੇ ਲਈ ਵਰਤਿਆ । ਮਿਸਾਲ ਵਜੋਂ ਮੁਦਰਾ ਦੇ ਆਰਥਿਕ ਕਾਰਜਾਂ ਦੇ ਬਾਰੇ ਵਿੱਚ ਫ਼ਰਾਂਸੀਸੀ ਆਲੋਚਨਾ ਦੇ ਹੇਠਾਂ ਉਹਨਾਂ ਨੇ "ਇਨਸਾਨੀਅਤ ਦੀ ਬੇਗਾਨਗੀ" ਲਿਖਿਆ ਅਤੇ ਬੁਰਜ਼ੁਆ ਰਿਆਸਤ ਦੀ ਫ਼ਰਾਂਸੀਸੀ ਆਲੋਚਨਾ ਦੇ ਹੇਠਾਂ ਲਿਖਿਆ " ਆਮ ਦੇ ਪ੍ਰਵਰਗ ਨੂੰ ਸੱਤਾ ਸਿੰਘਾਸਨ ਤੋਂ ਲਾਹੁਣਾ " , ਵਗ਼ੈਰਾ ।

ਇਸ ਤਰ੍ਹਾਂ ਉਹਨਾਂ ਨੇ ਫ਼ਰਾਂਸੀਸੀ ਇਤਹਾਸਕ ਆਲੋਚਨਾਵਾਂ ਦੇ ਨਾਲ ਆਪਣੇ ਫ਼ਲਸਫ਼ੀਆਨਾ ਫ਼ਿਕਰਾਂ ਦੀ ਪੂਛ ਲੱਗਾ ਦਿੱਤੀ ਅਤੇ ਉਸ ਦਾ ਨਾਮ ਰੱਖ ਦਿੱਤਾ : "ਅਮਲ ਦਾ ਫ਼ਲਸਫ਼ਾ " , "ਸੱਚਾ ਸੋਸ਼ਲਿਜ਼ਮ" , "ਸੋਸ਼ਲਿਜ਼ਮ ਦੀ ਜਰਮਨ ਸਾਇੰਸ" , "ਸੋਸ਼ਲਿਜ਼ਮ ਦੀ ਫ਼ਲਸਫ਼ੀਆਨਾ ਬੁਨਿਆਦ" , ਵਗ਼ੈਰਾ ।

ਇਸ ਤਰ੍ਹਾਂ ਫ਼ਰਾਂਸੀਸੀ ਸੋਸ਼ਲਿਸਟ ਅਤੇ ਕਮਿਊਨਿਸਟ ਸਾਹਿਤ ਬਿਲਕੁਲ ਬੇਜਾਨ ਬਣਾ ਦਿੱਤਾ ਗਿਆ । ਅਤੇ ਹਾਲਾਂਕਿ ਜਰਮਨਾਂ ਦੇ ਹੱਥ ਵਿੱਚ ਉਹ ਇਕ ਜਮਾਤ ਦੇ ਖਿਲਾਫ ਦੂਜੇ ਦੀ ਜਦੋਜਹਿਦ ਦਾ ਸ਼ੀਸ਼ਾ ਵੀ ਨਾ ਰਿਹਾ , ਇਸ ਲਈ ਉਸ ਨੂੰ ਇਹ ਅਹਿਸਾਸ ਹੋਇਆ ਕਿ ਉਸ ਨੇ " ਫ਼ਰਾਂਸੀਸੀ ਇਕਤਰਫ਼ਾਪਣ " ਦੂਰ ਕਰ ਦਿੱਤਾ ਹੈ ਅਤੇ ਉਹ ਹਕੀਕੀ ਤਕਾਜਿਆਂ ਦੀ ਨਹੀਂ ਬਲਕਿ ਹੱਕ ਦੇ ਤਕਾਜਿਆਂ ਦੀ, ਮਜ਼ਦੂਰ ਜਮਾਤ ਦੇ ਮੁਫ਼ਾਦ ਦੀ ਨਹੀਂ ਬਲਕਿ ਇਨਸਾਨੀ ਫ਼ਿਤਰਤ ਦੇ ਮਫ਼ਾਦ ਦੀ, ਯਾਨੀ ਆਮ ਮਨੁੱਖ ਦੀ ਨੁਮਾਇੰਦਗੀ ਕਰਦਾ ਹੈ , ਜੋ ਕਿਸੇ ਜਮਾਤ ਦਾ ਨਹੀਂ ਹੈ,ਜਿਸ ਦੀ ਕੋਈ ਹਕੀਕਤ ਨਹੀਂ, ਜਿਸ ਦਾ ਵਜੂਦ ਸਿਰਫ਼ ਫ਼ਲਸਫ਼ੀਆਨਾ ਕਲਪਨਾ ਦੇ ਧੁੰਦਲੇ ਮੰਡਲ ਵਿੱਚ ਹੈ ।

ਇਹ ਜਰਮਨ ਸੋਸ਼ਲਿਜ਼ਮ ਜਿਸ ਨੇ ਆਪਣੇ ਬਚਗਾਨਾ ਕੰਮਾਂ ਨੂੰ ਏਨੇ ਗਹਿਰ ਗੰਭੀਰ ਸਮਝ ਰਖਿਆ ਸੀ ਅਤੇ ਬਾਜ਼ਾਰੀ ਦਵਾ ਫ਼ਰੋਸ਼ ਦੀ ਤਰ੍ਹਾਂ ਆਪਣੇ ਦੋ ਕੌਡੀ ਦੇ ਮਾਲ ਦਾ ਢੰਡੋਰਾ ਪਿੱਟਿਆ ਸੀ , ਰਫ਼ਤਾ ਰਫ਼ਤਾ ਅਪਣੀ ਕਿਤਾਬੀ ਮਾਅਸੂਮੀਅਤ ਖੋਹ ਬੈਠਾ ।

ਜਾਗੀਰਦਾਰ ਅਮੀਰਸ਼ਾਹੀ ਅਤੇ ਨਿਰੰਕੁਸ ਬਾਦਸ਼ਾਹੀ ਦੇ ਖਿਲਾਫ ਜਰਮਨੀ ਅਤੇ ਖ਼ਾਸ ਤੌਰ ਤੇ ਪਰੂਸ਼ੀਆ ਦੇ ਬੁਰਜ਼ੁਆ ਜਮਾਤ ਦੀ ਲੜਾਈ ਜਾਂ ਦੂਜੇ ਲਫ਼ਜ਼ਾਂ ਵਿੱਚ ਲਿਬਰਲ ਤਹਿਰੀਕ ਜ਼ਿਆਦਾ ਸੰਗੀਨ ਹੋ ਗਈ ।

ਇਸ ਤੋਂ ਸੱਚੇ ਸੋਸ਼ਲਿਜ਼ਮ ਦੀ ਪੁਰਾਣੀ ਆਰਜ਼ੂ ਨੂੰ ਬੂਰ ਆਇਆ ਕਿ ਇਸਨੂੰ ਮੌਕਾ ਮਿਲ ਗਿਆ ਕਿ ਇਹ ਸਿਆਸੀ ਤਹਿਰੀਕ ਦੇ ਸਾਹਮਣੇ ਸੋਸ਼ਲਿਸਟ ਮਤਾਲਬੇ ਪੇਸ਼ ਕਰੇ । ਉਦਾਰਵਾਦ , ਪ੍ਰਤੀਨਿਧੀ ਹਕੂਮਤ , ਬੁਰਜ਼ੁਆ ਮੁਕਾਬਲਾ, ਪ੍ਰੈਸ ਦੀ ਬੁਰਜ਼ੁਆ ਅਜ਼ਾਦੀ, ਬੁਰਜ਼ੁਆ ਕਾਨੂੰਨ ਸਾਜ਼ੀ ਅਤੇ ਬੁਰਜ਼ੁਆ ਅਜ਼ਾਦੀ ਅਤੇ ਸਮਾਨਤਾ ਦੇ ਖਿਲਾਫ ਅਪਣੀਆਂ ਪੁਰਾਣੀਆਂ ਲਾਹਨਤਾਂ ਦੀ ਬੁਛਾੜ ਸ਼ੁਰੂ ਕਰੇ ਅਤੇ ਅਵਾਮ ਨੂੰ ਦੱਸੇ ਕਿ ਇਸ ਬੁਰਜ਼ੁਆ ਤਹਿਰੀਕ ਵਿੱਚ ਉਨ੍ਹਾਂ ਦਾ ਕੋਈ ਫ਼ਾਇਦਾ ਨਹੀਂ , ਸਰਾਸਰ ਨੁਕਸਾਨ ਹੀ ਨੁਕਸਾਨ ਹੈ । ਜਰਮਨ ਸੋਸ਼ਲਿਜ਼ਮ ਐਨ ਵਕਤ ਤੇ ਭੁਲ ਗਿਆ ਕਿ ਉਹ ਖ਼ੁਦ ਜਿਸ ਫ਼ਰਾਂਸੀਸੀ

ਆਲੋਚਨਾ ਦੀ ਇਕ ਬੇ ਮਾਅਨੀ ਨਕਲ ਸੀ , ਉਸ ਦੇ ਪੇਸ਼ ਫਰਜ਼ ਆਧੁਨਿਕ ਬੁਰਜ਼ੂਆ ਸਮਾਜ ਆਪਣੇ ਮੁਤਾਬਕ ਜ਼ਿੰਦਗੀ ਦੀਆਂ ਪਦਾਰਥਕ ਹਾਲਤਾਂ ਅਤੇ ਸਿਆਸੀ ਢਾਂਚੇ ਸਮੇਤ ਪਹਿਲਾਂ ਹੀ ਮੌਜੂਦ ਸੀ ਅਤੇ ਇਹੀ ਉਹ ਚੀਜਾਂ ਸਨ ਜਿਹਨਾਂ ਨੂੰ ਹਾਸਲ ਕਰਨਾ ਜਰਮਨੀ ਦੀ ਆਉਣ ਵਾਲੀ ਜਦੋਜਹਿਦ ਦਾ ਮਕਸਦ ਸੀ।

ਨਿਰੰਕੁਸ ਹਕੂਮਤਾਂ ਲਈ ਜਿਨ੍ਹਾਂ ਨਾਲ ਪਾਦਰੀਆਂ , ਪਰੋਫ਼ੈਸਰਾਂ , ਦਿਹਾਤੀ ਜ਼ਮੀਨਦਾਰਾਂ ਅਤੇ ਅਫ਼ਸਰਾਂ ਦਾ ਇਕ ਲਾਉ ਲਸਕਰ ਮੌਜੂਦ ਸੀ , ਇਹ ਸੋਸ਼ਲਿਜ਼ਮ ਇਕ ਪਸੰਦੀਦਾ ਹਊਆ ਸੀ ਜਿਸ ਨਾਲ ਖ਼ਤਰਾ ਬਣੀ ਬੁਰਜ਼ੁਆਜ਼ੀ ਨੂੰ ਡਰਾਇਆ ਜਾ ਸਕਦਾ ਸੀ।

ਇਹ ਕੋੜਿਆਂ ਅਤੇ ਗੋਲੀਆਂ ਦੀ ਤਲਖ ਦਵਾਈ,ਜਿਸ ਰਾਹੀਂ ਉਹੀ ਹਕੂਮਤਾਂ ਜਰਮਨ ਮਜਦੂਰਾਂ ਦੀਆਂ ਬਗ਼ਾਵਤਾਂ ਨੂੰ ਦਬਾ ਰਹੀਆਂ ਸਨ,ਤੋਂ ਬਾਅਦ ਤਲਖੀ ਦੂਰ ਕਰਨ ਲਈ ਇੱਕ ਮਿੱਠੀ ਘੁੱਟ ਸੀ।

ਇਕ ਤਰਫ਼ ਤਾਂ ਇਹ "ਸੱਚਾ ਸੋਸ਼ਲਿਜ਼ਮ" ਜਰਮਨ ਬੁਰਜੁਆ ਜਮਾਤ ਦੇ ਖਿਲਾਫ ਲੜਨ ਦੇ ਲਈ ਹਕੂਮਤਾਂ ਦੇ ਹੱਥ ਵਿੱਚ ਇੱਕ ਹਥਿਆਰ ਦਾ ਕੰਮ ਦਿੰਦਾ ਸੀ ਅਤੇ ਦੂਜੀ ਤਰਫ਼ ਪ੍ਰਤੱਖ ਭਾਂਤ ਇਕ ਪਿੱਛਾਖੜੀ ਮੁਫ਼ਾਦ ਯਾਨੀ ਜਰਮਨ ਖੂਹ ਦੇ ਡੱਡੂਆਂ ਦੇ ਮੁਫ਼ਾ ਦ ਦਾ ਝੰਡਾ ਬਰਦਾਰ ਸੀ ।।

ਇਸ ਜਮਾਤ ਨੂੰ ਕਾਇਮ ਰਖਣ ਦਾ ਮਤਲਬ ਜਰਮਨੀ ਵਿੱਚ ਮੌਜੂਦ ਸੂਰਤੇਹਾਲ ਨੂੰ ਕਾਇਮ ਰਖਣਾ ਹੈ। ਬੁਰਜ਼ੁਆਜ਼ੀ ਦੀ ਸਨਅਤੀ ਅਤੇ ਸਿਆਸੀ ਬਰਤਰੀ ਤੋਂ ਡਰਦੇ ਹੋਏ ਉਹ ਅਪਣੀ ਨਿਸਚਿਤ ਤਬਾਹੀ ਦਾ ਇੰਤਜਾਰ ਕਰਦਾ ਹੈ। ਇਕ ਤਰਫ਼ ਸਰਮਾਏ ਦੇ ਇੱਕੋਂਦ੍ਰਿਤ ਹੋ ਣ ਕਾਰਨ ਅਤੇ ਦੂਜੀ ਤਰਫ਼ ਇਨਕਲਾਬੀ ਪਰੋਲਤਾਰੀ ਦੇ ਆਗਮਨ ਕਰਕੇ। ਮਾਲੂਮ ਹੁੰਦਾ ਹੈ ਕਿ "ਸੱਚਾ" ਸੋਸ਼ਲਿਜ਼ਮ ਇਕ ਤੀਰ ਨਾਲ ਦੋ ਸ਼ਿਕਾਰ ਕਰਦਾ ਹੈ। ਅਤੇ ਸੱਚਾ ਸੋਸ਼ਲਿਜ਼ਮ ਇਕ ਛੂਤ ਦੇ ਰੋਗ ਦੀ ਤਰ੍ਹਾਂ ਫੈਲ ਗਿਆ।

ਜਰਮਨ ਸੋਸ਼ਲਿਸਟਾਂ ਨੇ ਆਪਣੀਆਂ ਤਰਸਯੋਗ 'ਸਦੀਵੀ ਸਚਾਈਆਂ' ਨੂੰ ,ਨਿਰੇ ਨਿਰਜਿੰਦ ਹੱਡ ਮਾਸ ਦੇ ਪਿੰਜਰ ਨੂੰ ਇਕ ਨਿਰਗੁਣ ਰੂਹਾਨੀ ਲਿਬਾਸ ਪਹਿਨਾ ਦਿੱਤਾ ਜਿਸ ਨੂੰ ਖਿਆਲੀ ਜਾਲਿਆਂ ਦੇ ਤਾਣੇ ਬਾਣੇ ਨਾਲ ਬੁਣਿਆ ਗਿਆ ਸੀ , ਜਿਸ ਤੇ ਅਲੰਕਾਰ ਕਲਾ ਨਾਲ ਵੇਲ ਬੂਟੇ ਕੱਢੇ ਹੋਏ ਸਨ ਅਤੇ ਜੋ ਨਾਖੁਸ਼ ਅਹਿਸਾਸਾਂ ਦੀ ਸ਼ਬਨਮ ਨਾਲ ਭਿਜਿਆ ਹੋਇਆ ਸੀ। ਇਹ ਲਿਬਾਸ ਅਜਿਹੀ ਜਨਤਾ ਵਿੱਚ ਇਸ ਦੇ ਮਾਲ ਦੀ ਖਪਤ ਵਧਾਉਣ ਵਿੱਚ ਬਹੁਤ ਕਾਰਆਮਦ ਸਾਬਤ ਹੋਇਆ ।

ਅਤੇ ਅਪਣੀ ਵਲੋਂ ਜਰਮਨ ਸੋਸ਼ਲਿਜ਼ਮ ਰੋਜ ਬਰੋਜ਼ ਇਹ ਤਸਲੀਮ ਕਰਦਾ ਗਿਆ ਕਿ ਲੰਮੀਆਂ ਚੌੜੀਆਂ ਗੱਲਾਂ ਕਰਕੇ ਪੈਟੀ ਬੁਰਜ਼ੁਆ ਜਮਾਤ ਦੀ ਵਕਾਲਤ ਕਰਨਾਹੀ ਉਸ ਦਾ ਅਸਲੀ ਕੰਮ ਹੈ।

ਇਸ ਨੇ ਦਾਅਵਾ ਕੀਤਾ ਕਿ ਜਰਮਨ ਕੌਮ ਹੀ ਇਕ ਮਿਸਾਲੀ ਕੌਮ ਹੈ ਅਤੇਜਰਮਨ ਦਾ ਪੈਟੀ ਬੁਰਜ਼ੁਆ ਖੂਹ ਦਾ ਡੱਡੂ ਇਨਸਾਨੀਅਤ ਦਾ ਆਹਲਾ ਨਮੂਨਾ। ਇਸ ਮਿਸਾਲੀ ਮਨੁੱਖ ਦੀ ਹਰ ਕਮੀਨੀ ਹਰਕਤ ਨੂੰ ਇਸਨੇ ਕੋਈ ਲੁਕਵਾਂ,ਉਚੇਰਾ ਅਤੇ ਸੋਸ਼ਲਿਸਟ ਅਰਥ ਪੇਸ਼ ਕੀਤਾ ਜੋ ਇਸ ਦੀ ਅਸਲੀ ਖ਼ਸਲਤ ਦੇ ਬਿਲਕੁਲ ਉਲਟ ਸੀ। ਇੰਤਹਾ ਇਹ ਕਿ ਇਸ ਨੇ ਕਮਿਊਨਿਜ਼ਮਦੀ ਖੁਲਮ ਖੁੱਲ੍ਹਾ ਮੁਖ਼ਾਲਫ਼ਤ ਸ਼ੁਰੂ ਕਰ ਦਿੱਤੀ ਕਿ ਇਸ ਵਿੱਚ " ਵਹਿਸ਼ੀ ਤਬਾਹੀ " ਦਾ ਰੁਝਾਨ ਪਿਆ ਹੈ ਅਤੇ ਤਮਾਮ ਜਮਾਤੀ ਜਦੋਜਹਿਦਾਂ ਦੇ ਲਈ ਆਪਣੀ ਸਰਬਉਚ,ਨਿਰਪੱਖ ਨਫਰਤ ਦਾ ਇਜ਼ਹਾਰ ਕਰਨ ਦੀ ਇੰਤਹਾ ਤੱਕ ਗਿਆ। ਅੱਜ ਕਲ ਜਰਮਨੀ ਵਿੱਚ ਸੋਸ਼ਲਿਜ਼ਮ ਅਤੇ ਕਮਿਊਨਿਜ਼ਮਦੇ ਨਾਂ ਤੇ ਜਿਹਨਾਂ ਕਿਤਾਬਾਂ ਦਾ ਚਲਣ ਹੈ ਉਹਨਾਂ ਵਿੱਚੋਂ ਚੰਦ ਇਕ ਨੂੰ ਛੱਡ ਕੇ ਸਭ ਇਸ ਗੰਦੇ ਅਤੇਨਿਕੰਮਾ ਬਣਾ ਦੇਣ ਵਾਲੇ ਸਾਹਿਤ

ਨਾਲ ਤਾਅਲੁਕ ਰੱਖਦੀਆਂ ਹਨ। [ 1848ਦੇ ਇਨਕਲਾਬੀ ਤੂਫ਼ਾਨ ਨੇ ਇਸ ਪੂਰੇ ਭੌਂਡੇ ਰੁਝਾਨ ਨੂੰ ਮਿਟਾ ਦਿੱਤਾ ਅਤੇ ਇਸ ਦੇ ਝੰਡਾਬਰਦਾਰਾਂ ਦਾ ਸੋਸ਼ਲਿਜ਼ਮ ਵਿੱਚ ਉਲਝਣ ਦਾ ਸ਼ੌਕ ਦੂਰ ਕਰ ਦਿੱਤਾ। ਇਸ ਰੁਝਾਨ ਦਾ ਅਸਲੀ ਅਤੇ ਮਖ਼ਸੂਸ ਨੁਮਾਇੰਦਾ ਹਰ ਕਾਰਲ ਗਰਿਊਨ ਹੈ।]

## 2. ਰੂੜ੍ਹੀਵਾਦੀ ਜਾਂ ਬੁਰਜ਼ੁਆ ਸੋਸ਼ਲਿਜ਼ਮ

ਬੁਰਜ਼ੁਆ ਜਮਾਤ ਦਾ ਇੱਕ ਹਿਸਾ ਸਮਾਜ ਦੀਆਂ ਖ਼ਰਾਬੀਆਂ ਨੂੰ ਦੂਰ ਕਰ ਦੇਣਾ ਚਾਹੁੰਦਾ ਹੈ ਤਾਂ ਕਿ ਬੁਰਜ਼ੁਆ ਸਮਾਜ ਦੀ ਜਿੰਦਗੀ ਨੂੰ ਕਾਇਮ ਰਖਿਆ ਜਾ ਸਕੇ।ਇਸ ਗਿਰੋਹ ਵਿੱਚ ਮਾਹਰੀਨ ਅਰਥਸਾਸਤਰੀ, ਇਨਸਾਨੀਅਤ ਦੋਸਤ , ਗ਼ਰੀਬਾਂ ਦੇ ਹਮਦਰਦ, ਮਜ਼ਦੂਰ ਜਮਾਤ ਦੀ ਹਾਲਤ ਸੁਧਾਰਨ ਵਾਲੇ ,ਖਰੈਤੀ ਮਾਮਲਿਆਂ ਦਾ ਇੰਤਜਾਮ ਕਰਨ ਵਾਲੇ , ਜਾਨਵਰਾਂ ਤੇ ਬੇ ਰਹਿਮੀ ਦੀ ਮੁਖ਼ਾਲਫ਼ਤ ਕਰਨ ਵਾਲੀਆਂ ਸੁਸਾਇਟੀਆਂ ਦੇ ਮੈਂਬਰ , ਸ਼ਰਾਬ ਨੋਸ਼ੀ ਦੇ ਕਟੜ ਮੁਖ਼ਾਲਿਫ਼ ਅਤੇ ਹਰ ਕਿਸਮ ਦੇ ਛੋਟੇ ਛੋਟੇ ਸੁਧਾਰਕ ਸ਼ਾਮਿਲ ਹਨ। ਅਗਲੀ ਗੱਲ ਇਹ ਕਿ ਇਸ ਕਿਸਮ ਦੇ ਸੋਸ਼ਲਿਜ਼ਮ ਦੇ ਮੁਕੰਮਲ ਨਿਜ਼ਾਮ ਵੀ ਤਿਆਰ ਕਰ ਲਏ ਗਏ ਹਨ।

ਇਸ ਤਰ੍ਹਾਂ ਦੇ ਸੋਸ਼ਲਿਜ਼ਮ ਦੀ ਇਕ ਮਿਸਾਲ ਸਾਨੂੰ ਪਰੂਧੋਂ ਦੀ ਕਿਤਾਬ “ਕੰਗਾਲੀ ਦਾ ਫ਼ਲਸਫ਼ਾ” ਵਿੱਚ ਮਿਲਦੀ ਹੈ।

ਇਹ ਬੁਰਜ਼ੁਆ ਸੋਸ਼ਲਿਸਟ ਲੋਕ ਆਧੁਨਿਕ ਸਮਾਜੀ ਹਾਲਤਾਂ ਦੇ ਤਮਾਮ ਫ਼ਾਇਦਿਆਂ ਨੂੰ ਤਾਂ ਕਾਇਮ ਰਖਣਾ ਚਾਹੁੰਦੇ ਹਨ, ਮਗਰ ਇਸ ਜਦੋਜਹਿਦ ਨੂੰ ਅਤੇ ਇਸ ਖ਼ਤਰਿਆਂ ਨੂੰ ਨਹੀਂ ਜੋ ਉਨ੍ਹਾਂ ਦਾ ਲਾਜ਼ਮੀ ਨਤੀਜਾ ਹਨ। ਉਹ ਸਮਾਜ ਦੀ ਮੌਜੂਦਾ ਸੂਰਤੇ ਹਾਲ ਨੂੰ ਪਸੰਦ ਕਰਦੇ ਹਨ ਬਸ਼ਰਤੇ ਕਿ ਉਸ ਦੇ ਇਨਕਲਾਬੀ ਅਤੇ ਇੰਤਸ਼ਾਰ ਪੈਦਾ ਕਰਨ ਵਾਲੇ ਅਨਸ਼ਰਾਂ ਨੂੰ ਨਫ਼ੀ ਕਰ ਦਿੱਤਾ ਜਾਵੇ।ਉਹ ਚਾਹੁੰਦੇ ਹਨ ਕਿ ਬੁਰਜ਼ੁਆ ਜਮਾਤ ਰਹੇ ਮਗਰ ਪ੍ਰੋਲਤਾਰੀ ਨਾ ਰਹੇ। ਜ਼ਾਹਰ ਹੈ ਕਿ ਬੁਰਜ਼ੁਆਜ਼ੀ ਦੀ ਨਜ਼ਰ ਵਿੱਚ ਸਭ ਤੋਂ ਅਛੀ ਦੁਨੀਆ ਉਹੀ ਹੋਵੇਗੀ ਜਿਸ ਵਿੱਚ ਖ਼ੁਦ ਇਸ ਦੀ ਸਰਬ ਉੱਚਤਾ ਹੋਵੇ। ਅਤੇ ਬੁਰਜ਼ੁਆ ਸੋਸ਼ਲਿਜ਼ਮ ਇਸ ਸੁਖਦਾਈ ਖਿਆਲ ਨੂੰ ਵਿਕਸਤ ਕਰਕੇ ਘੱਟ ਵਧ ਕਈ ਮੁਕੰਮਲ ਪ੍ਰਬੰਧਾਂ ਵਿੱਚ ਢਾਲ ਲੈਂਦਾ ਹੈ। ਮਜਦੂਰਾਂ ਨੂੰ ਜਦੋਂ ਉਸ ਵਲੋਂ ਤਜਵੀਜ਼ ਦਿੱਤੀ ਜਾਂਦੀ ਹੈ ਕਿ ਇਸ ਪ੍ਰਬੰਧ ਨੂੰ ਅਮਲ ਵਿੱਚ ਰੂਪਮਾਨ ਕਰਨ ਅਤੇ ਬੈਠੇ ਬਿਠਾਏ ਇਕ ਨਵੀਂ ਜੰਨਤ ਵਿੱਚ ਪਹੁੰਚ ਜਾਣ ਤਾਂ ਹਕੀਕਤ ਵਿੱਚ ਕਹਿਣ ਦੀ ਗ਼ਰਜ਼ ਇਹ ਹੁੰਦੀ ਹੈ ਕਿ ਪ੍ਰੋਲਤਾਰੀ ਮੌਜੂਦਾ ਸਮਾਜ ਦੇ ਦਾਇਰੇ ਦੇ ਅੰਦਰ ਰਹਿਣ ਮਗਰ ਬੁਰਜ਼ੁਆ ਜਮਾਤ ਬਾਰੇ ਨਫ਼ਰਤ ਭਰੇ ਖ਼ਿਆਲ ਆਪਣੇ ਦਿਮਾਗ਼ ਵਿਚੋਂ ਕੱਢ ਦੇਣ।

ਇਸ ਸੋਸ਼ਲਿਜ਼ਮ ਦੀ ਇਕ ਹੋਰ ਜ਼ਿਆਦਾ ਅਮਲੀ ਸੂਰਤ ਹੈ ਲੇਕਿਨ ਇਸ ਵਿੱਚ ਤਰਤੀਬੀ ਸਿਲਸਲੇ ਦੀ ਕਮੀ ਹੈ। ਉਹ ਮਜ਼ਦੂਰ ਜਮਾਤ ਦੀਆਂ ਨਜ਼ਰਾਂ ਵਿੱਚ ਹਰ ਇਨਕਲਾਬੀ ਤਹਿਰੀਕ ਦੀ ਵੁੱਕਤ ਘੱਟ ਕਰਨ ਦੇ ਲਈ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਉਹਨਾਂ ਨੂੰ ਮਹਿਜ਼ ਕਿਸੇ ਸਿਆਸੀ ਸੁਧਾਰ ਨਾਲ ਨਹੀਂ ਬਲਕਿ ਜਿੰਦਗੀ ਦੀਆਂ ਪਦਾਰਥਕ ਹਾਲਤਾਂ ਨੂੰ ਅਤੇ ਆਰਥਕ ਰਿਸ਼ਤਿਆਂ ਨੂੰ ਬਦਲਣ ਨਾਲ ਹੀ ਕੁੱਝ ਫ਼ਾਇਦਾ ਹੋ ਸਕਦਾ ਹੈ। ਲੇਕਿਨ ਜਿੰਦਗੀ ਦੀਆਂ ਪਦਾਰਥਕ ਹਾਲਤਾਂ ਨੂੰ ਬਦਲਣ ਦੀ ਇਸ

ਸੋਸ਼ਲਿਜ਼ਮ ਦੀ ਇੱਛਾ ਹਰਗਿਜ਼ ਇਹ ਨਹੀਂ ਹੁੰਦੀ ਕਿ ਪੈਦਾਵਾਰ ਦੇ ਬਰਜ਼ੁਵਾ ਤਾਲੁਕਾਤ ਮਿਟਾ ਦਿੱਤੇ ਜਾਣ। ਇਹ ਕੰਮ ਤਾਂ ਸਿਰਫ਼ ਇਨਕਲਾਬ ਦੇ ਜ਼ਰੀਏ ਹੀ ਪੂਰਾ ਹੋ ਸਕਦਾ ਹੈ। ਇਸ ਦਾ ਮਤਲਬ ਮੌਜੂਦਾ ਰਿਸ਼ਤਿਆਂ ਨੂੰ ਬਰਕਰਾਰ ਰੱਖਦੇ ਹੋਏ ਉਹਨਾਂ ਦੀ ਬੁਨਿਆਦ ਉਤੇ ਪ੍ਰਬੰਧ ਵਿੱਚ ਸੁਧਾਰ ਕਰਨਾ ਹੁੰਦਾ ਹੈ। ਇਸ ਸੁਧਾਰ ਨਾਲ ਸਰਮਾਏ ਅਤੇ ਮਿਹਨਤ ਦੇ ਰਿਸ਼ਤੇ ਤੇ ਕੋਈ ਅਸਰ ਨਹੀ ਪੈਂਦਾ, ਬਲਕਿ ਬਹੁਤਾ ਹੋਇਆ ਤਾਂ ਬੁਰਜ਼ੁਆ ਹਕੂਮਤ ਦੇ ਖ਼ਰਚਿਆਂ ਵਿੱਚ ਕਮੀ ਹੋ ਸਕਦੀ ਹੈ ਅਤੇ ਉਸ ਦੀ ਪ੍ਰਬੰਧਕੀ ਕਾਰਗੁਜ਼ਾਰੀ ਵਿੱਚ ਵਧੇਰੇ ਸਹੂਲਤ ਅਤੇ ਸਾਦਗੀ ਪੈਦਾ ਹੋ ਸਕਦੀ ਹੈ।

ਬੁਰਜ਼ੁਆ ਸੋਸ਼ਲਜ਼ਮ ਦਾ ਅਸਲੀ ਇਜ਼ਹਾਰ ਉਸ ਵਕਤ ਅਤੇ ਸਿਰਫ਼ ਉਸ ਵਕਤ ਹੁੰਦਾ ਹੈ ਜਦੋਂ ਉਹ ਮਹਿਜ਼ ਇਕ ਬਿੰਬ ਬਿਆਨ ਦੀ ਸੂਰਤ ਵਿੱਚ ਪੇਸ਼ ਕੀਤਾ ਜਾਂਦਾ ਹੈ।

ਆਜ਼ਾਦ ਵਪਾਰ: ਮਜ਼ਦੂਰ ਜਮਾਤ ਦੀ ਭਲਾਈ ਦੇ ਲਈ ! ਹਿਫ਼ਾਜ਼ਤੀ ਮਹਿਸੂਲ : ਮਜ਼ਦੂਰ ਜਮਾਤ ਦੀ ਭਲਾਈ ਦੇ ਲਈ ! ਜੇਲ੍ਹ ਸੁਧਾਰ : ਮਜ਼ਦੂਰ ਜਮਾਤ ਦੀ ਭਲਾਈ ਦੇ ਲਈ। ਬੁਰਜ਼ੁਆ ਸੋਸ਼ਲਿਜ਼ਮ ਦਾ ਆਖਰੀ ਅੱਖਰ ਇਹੀ ਹੈ ਅਤੇ ਇਹੀ ਇਕ ਅਜਿਹਾ ਅੱਖਰ ਹੈ ਜਿਸ ਨੂੰ ਇਸ ਨੇ ਗੰਭੀਰਤਾ ਨਾਲ ਲਿਆ ਹੈ। ਇਸ ਦਾ ਨਿਚੋੜ ਇਸ ਵਾਕੰਸ਼ ਵਿੱਚ ਮੌਜੂਦ ਹੈ : ਬੁਰਜ਼ੁਆ ਬੁਰਜ਼ੁਆ ਹੈ, ਮਜ਼ਦੂਰ ਜਮਾਤ ਦੀ ਭਲਾਈ ਦੇ ਲਈ !

## 3. ਆਲੋਚਨਾਤਮਕ-ਯੂਟੋਪੀਆਈ ਸੋਸ਼ਲਿਜ਼ਮ ਅਤੇ ਕਮਿਊਨਿਜ਼ਮ

ਅਸੀ ਇੱਥੇ ਉਸ ਸਾਹਿਤ ਦਾ ਜ਼ਿਕਰ ਨਹੀਂ ਕਰਨਾ ਚਾਹੁੰਦੇ ਜਿਸ ਨੇ ਅੱਜ ਕਲ ਦੇ ਹਰ ਵੱਡੇ ਇਨਕਲਾਬ ਵਿੱਚ ਪਰੋਲਤਾਰੀ ਦੀਆਂ ਮੰਗਾਂ ਦੀ ਅਵਾਜ਼ ਬੁਲੰਦ ਕੀਤੀ ਹੈ ਅਤੇ ਜਿਸ ਦੀ ਮਿਸਾਲ ਬਾਬਿਓਫ਼ ਵਗ਼ੈਰਾ ਦੀਆਂ ਲਿਖਤਾਂ ਵਿੱਚ ਮਿਲਦੀ ਹੈ।

ਪਰੋਲਤਾਰੀ ਵਲੋਂ ਆਪਣੇ ਮਕਸਦ ਹਾਸਲ ਕਰਨ ਲਈ ਪਹਿਲੀਆਂ ਸਿਧੀਆਂ ਕੋਸ਼ਿਸ਼ਾਂ ਉਸ ਵਕਤ ਕੀਤੀਆਂ ਗਈਆਂ ਜਦੋਂ ਹਰ ਤਰਫ਼ ਹਲਚਲ ਮੱਚੀ ਹੋਈ ਸੀ ਅਤੇ ਜਾਗੀਰਦਾਰ ਸਮਾਜ ਨੂੰ ਉਲਟਾਇਆ ਜਾ ਰਿਹਾ ਸੀ।ਉਹਨਾਂ ਕੋਸ਼ਿਸ਼ਾਂ ਦਾ ਨਾਕਾਮ ਰਹਿਣਾ ਲਾਜ਼ਮੀ ਸੀ ਕਿਉਂਕਿ ਉਸ ਵਕਤ ਮਜ਼ਦੂਰ ਜਮਾਤ ਨੇ ਜ਼ਿਆਦਾ ਤਰਕੀ ਨਹੀਂ ਕੀਤੀ ਸੀ। ਉਸ ਦੀ ਨਜਾਤ ਦੇ ਲਈ ਜੋ ਆਰਥਕ ਹਾਲਤਾਂ ਜਰੂਰੀ ਹਨ ਉਹ ਵੀ ਮੌਜੂਦ ਨਾ ਸਨ। ਉਨ੍ਹਾਂ ਨੇ ਅਜੇ ਵਜੂਦ ਵਿੱਚ ਆਉਣਾ ਸੀ ਅਤੇ ਆਉਣ ਵਾਲਾ ਬੁਰਜ਼ੁਆ ਦੌਰ ਹੀ ਉਨ੍ਹਾਂ ਨੂੰ ਵਜੂਦ ਵਿੱਚ ਲਿਆ ਸਕਦਾ ਸੀ। ਪਰੋਲਤਾਰੀ ਦੀਆਂ ਇਹਨਾਂ ਅਰੰਭਕ ਤਹਿਰੀਕਾਂ ਦੇ ਨਾਲ ਜੋ ਇਨਕਲਾਬੀ ਸਾਹਿਤ ਪੈਦਾ ਹੋਇਆ, ਉਸ ਦਾ ਖਾਸਾ ਲਾਜ਼ਮਨ ਰਜਾਤ ਪਸੰਦ ਸੀ। ਇਸ ਨੇ ਦੁਨੀਆਵੀ ਸੰਨਿਆਸ ਅਤੇ ਨਿਹਾਇਤ ਅਨਘੜ ਕਿਸਮ ਦੀ ਸਮਾਜੀ ਬਰਾਬਰੀ ਦੀ ਸਿਖਿਆ ਦਿੱਤੀ।

ਸਾਂ ਸਾਈਮਨ ਫ਼ੋਰੀਏ ਅਤੇ ਓਵਨ ਵਗ਼ੈਰਾ ਦੀਆਂ ਸੋਸ਼ਲਿਸਟ ਅਤੇ ਕਮਿਊਨਿਸਟ ਪ੍ਰਣਾਲੀਆਂ ਜਿਹਨਾਂ ਨੂੰ ਵਾਜਬ ਤੌਰ ਤੇ ਇਉਂ ਪੁਕਾਰਿਆ ਜਾ ਸਕਦਾ ਹੈ ਉਸ ਜ਼ਮਾਨੇ ਵਿੱਚ ਪੈਦਾ ਹੋਈਆਂ ਸਨ ਜਦੋਂ ਪਰੋਲਤਾਰੀ ਅਤੇ ਬੁਰਜ਼ੁਆ ਜਮਾਤ ਦੇ ਦਰਮਿਆਨ ਜਦੋਜਹਿਦ ਨਿਹਾਇਤ ਅਰੰਭਕ ਅਤੇ ਅਵਿਕਸਤ ਹਾਲਤ ਵਿੱਚ ਸੀ। ਇਸ ਦਾ ਜ਼ਿਕਰ ਉਪਰ ਆ ਚੁੱਕਾ ਹੈ (ਦੇਖੋ ਭਾਗ ਪਹਿਲਾ," ਬੁਰਜ਼ੂਆਜ਼ੀ ਅਤੇ ਪ੍ਰੋਲਤਾਰੀ")।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਪ੍ਰਣਾਲੀਆਂ ਦੇ ਬਾਨੀ ਜਮਾਤੀ ਵਿਰੋਧਾਂ ਤੋਂ ਬੇ ਖ਼ਬਰ ਨਹੀਂ ਸਨ। ਉਹਨਾਂ ਨੇ ਉਹਨਾਂ ਅਨਸ਼ਰਾਂ ਨੂੰ ਵੀ ਵੇਖਿਆ ਸੀ ਜਿਨ੍ਹਾ ਦੇ ਅਮਲ ਨਾਲ ਮੌਜੂਦਾ ਸਮਾਜ ਵਿੱਚ ਇੰਤਸ਼ਾਰ ਪੈਦਾ ਹੋ ਰਿਹਾ ਸੀ। ਲੇਕਿਨ ਪਰੋਲਤਾਰੀ ਉਸ ਵਕਤ ਤੱਕ ਆਪਣੇ ਬਾਲਪਨ ਦੇ ਆਲਮ ਵਿੱਚ ਸੀ ਅਤੇ ਉਸ ਵਿੱਚ ਉਨ੍ਹਾਂ ਨੂੰ ਕੋਈ ਲੱਛਣ ਨਜ਼ਰ ਨਹੀਂ ਆਏ ਜਿਹਨਾਂ ਤੋਂ ਪਤਾ ਲਗੇ ਕਿ ਇਸ ਜਮਾਤ ਵਿੱਚ ਇਤਹਾਸਕ ਪਹਿਲਕਦਮੀ ਜਾਂ ਆਜ਼ਾਦ ਸਿਆਸੀ ਤਹਿਰੀਕ ਦਾ ਮਾਦਾ ਮੌਜੂਦ ਹੈ।

ਕਿਉਂਕਿ ਜਮਾਤੀ ਸੰਘਰਸ਼ ਦਾ ਵਿਕਾਸ ਸਨਅਤ ਦੀ ਤਰਕੀ ਦੇ ਨਾਲ ਕਦਮ ਮਿਲਾ ਕੇ ਚਲਦਾ ਹੁੰਦਾ ਹੈ, ਇਸ ਲਈ ਉਹਨਾਂ ਲੋਕਾਂ ਨੂੰ ਉਹ ਪਦਾਰਥਕ ਹਾਲਤਾਂ ਨਹੀਂ ਮਿਲੀਆਂ ਜੋ ਪਰੋਲਤਾਰੀ ਦੀ ਨਜਾਤ ਦੇ ਲਈ ਜਰੂਰੀ ਹਨ ਲਹਾਜ਼ਾ ਉਹ ਇਕ ਨਵੀਂ ਸਮਾਜੀ ਸਾਇੰਸ, ਨਵੇਂ ਸਮਾਜੀ ਕਾਨੂੰਨ ਦੀ ਖੋਜ ਕਰਨ ਲੱਗੇ ਜਿਸ ਨਾਲ ਇਹ ਹਾਲਤਾਂ ਪੈਦਾ ਕੀਤੀਆਂ ਜਾ ਸਕਣ।

ਇਤਹਾਸਕ ਅਮਲ ਦੀ ਜਗਹਾ ਉਨ੍ਹਾਂ ਨੂੰ ਆਪਣੇ ਨਿਜੀ ਤੌਰ ਤੇ ਘੜੇ ਅਮਲ ਅੱਗੇ, ਨਜਾਤ ਦੀਆਂ ਇਤਹਾਸਕ ਤੌਰ ਤੇ ਪੈਦਾ ਹੋਣ ਵਾਲੀਆਂ ਹਾਲਤਾਂ ਦੀ ਜਗਹਾ ਖ਼ਿਆਲੀ ਹਾਲਤਾਂ ਅੱਗੇ, ਅਤੇ ਪਰੋਲਤਾਰੀ ਦੀ ਸਹਿਜੇ ਸਹਿਜੇ ਆਪ ਮੁਹਾਰੇ ਤੌਰ ਤੇ ਜਮਾਤੀ ਤਨਜ਼ੀਮ ਦੀ ਜਗਹਾ ਸਮਾਜ ਦੀ ਇਕ ਅਜਿਹੀ ਤਨਜ਼ੀਮ ਦੇ ਅੱਗੇ- ਜਿਸ ਨੂੰ ਇਹਨਾਂ ਕਾਢਕਾਰਾਂ ਨੇ ਖਾਸ ਤੌਰ ਤੇ ਤੀਆਰ ਕੀਤਾ ਹੈ- ਝੁਕਣਾ ਜਰੂਰੀ ਹੋ ਜਾਂਦਾ ਹੈ। ਉਹਨਾਂ ਦੇ ਖ਼ਿਆਲ ਵਿੱਚ ਭਵਿੱਖ ਦਾ ਇਤਹਾਸ ਉਹਨਾਂ ਦੇ ਸਮਾਜੀ ਮਨਸੂਬਿਆਂ ਦਾ ਪ੍ਰਾਪੇਗੰਡਾ ਅਤੇ ਉਹਨਾਂ ਨੂੰ ਅਮਲੀ ਜਾਮਾ ਪਹਿਨਾਉਣਾ ਬਣ ਜਾਂਦਾ ਹੈ।

ਅਪਣੀ ਤਜਵੀਜ਼ਾਂ ਨੂੰ ਸੂਤਰਬਧ ਕਰਦੇ ਹੋਏ ਉਹ ਸੁਚੇਤ ਹੁੰਦੇ ਹਨ ਕਿ ਸਭ ਤੋਂ ਜ਼ਿਆਦਾ ਮੁਸੀਬਤ ਜ਼ਦਾ ਜਮਾਤ ਹੋਣ ਦੇ ਨਾਤੇ ਮਜ਼ਦੂਰ ਜਮਾਤ ਦੇ ਮੁਫ਼ਾਦ ਦਾ ਖਾਸ ਧਿਆਨ ਰਖਿਆ ਜਾਵੇ। ਉਹਨਾਂ ਦੀ ਨਜ਼ਰ ਵਿੱਚ ਪਰੋਲਤਾਰੀ ਦਾ ਵਜੂਦ ਸਿਰਫ਼ ਸਭ ਤੋਂ ਜ਼ਿਆਦਾ ਮੁਸੀਬਤ ਦੀ ਮਾਰੀ ਹੋਈ ਜਮਾਤ ਹੋਣ ਦੇ ਨਜ਼ਰੀਏ ਤੋਂ ਹੀ ਹੁੰਦਾ ਹੈ।

ਜਮਾਤੀ ਜਦੋ ਜਹਿਦ ਦੀ ਅਵਿਕਸਤ ਹਾਲਤ ਅਤੇ ਫਿਰ ਇਸ ਦੀਆਂ ਆਪਣੀਆਂ ਜੀਵਨ ਹਾਲਤਾਂ ਦਾ ਨਤੀਜਾ ਇਹ ਹੁੰਦਾ ਹੈ ਕਿ ਇਸ ਕਿਸਮ ਦੇ ਸੋਸ਼ਲਿਸਟ ਆਪਣੇ ਆਪ ਨੂੰ ਤਮਾਮ ਜਮਾਤੀ ਵਖਰੇਵਿਆਂ ਤੋਂ ਬਹੁਤ ਉੱਚਾ ਸਮਝਣ ਲੱਗਦੇ ਹਨ। ਉਹ ਸਮਾਜ ਦੇ ਹਰ ਮੈਂਬਰ ਦੀ ਹਾਲਤ ਸੁਧਾਰਨਾ ਚਾਹੁੰਦੇ ਹਨ, ਉਹਨਾਂ ਦੀ ਵੀ ਜਿਹਨਾਂ ਨੂੰ ਦੁਨੀਆਂ ਦੀ ਹਰ ਨੇਹਮਤ ਹਾਸਲ ਹੈ। ਇਸ ਲਈ ਉਹ ਆਦਤ ਮੂਜਬ ਜਮਾਤੀ ਲਿਹਾਜ਼ ਲਾਂਭੇ ਰੱਖ ਕੇ ਪੂਰੇ ਸਮਾਜ ਨੂੰ ਅਪੀਲ ਕਰਦੇ ਹਨ। ਏਨਾ ਹੀ ਨਹੀਂ ਬਲਕਿ ਹੁਕਮਰਾਨ ਜਮਾਤ ਨੂੰ ਜ਼ਿਆਦਾ ਤਰਜੀਹੀ ਪਾਤਰ ਸਮਝਦੇ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਇਕ ਵਾਰ ਇਸ ਦੇ ਨਿਜ਼ਾਮ ਨੂੰ ਸਮਝ ਲੈਣ ਦੇ ਬਾਅਦ ਕਿਵੇਂ ਕੋਈ ਸ਼ਖ਼ਸ ਮੁਨਕਰ ਹੋ ਸਕਦਾ ਹੈ ਕਿ ਸਮਾਜ ਦੀ ਬਿਹਤਰੀਨ ਹਾਲਤ ਦਾ ਬਿਹਤਰੀਨ ਮਨਸੂਬਾ ਇਹ ਨਹੀਂ ਹੈ ਇਸ ਲਈ ਇਹਨਾਂ ਤਜਵੀਜ਼ਾਂ ਦਾ ਖਾਸਾ ਮਹਿਜ਼ ਯੂਟੋਪੀਆਈ ਹੈ ਹੁਕਮਰਾਨ ਜਮਾਤਾਂ ਨੂੰ ਕਮਿਊਨਿਸਟ ਇਨਕਲਾਬ ਦੇ ਖ਼ੌਫ਼ ਨਾਲ ਕੰਬਣ ਦਿਓ।

ਇਸ ਲਈ ਉਹ ਤਮਾਮ ਸਿਆਸੀ ਅਤੇ ਖ਼ਾਸਕਰ ਇਨਕਲਾਬੀ ਅਮਲ ਨੂੰ ਠੁਕਰਾਉਂਦੇ ਹਨ। ਉਹ ਪੁਰਅਮਨ ਤਰੀਕਿਆਂ ਨਾਲ- ਜਿਹਨਾਂ ਦਾ ਅੰਜਾਮ ਨਾਕਾਮੀ ਦੇ ਸਿਵਾ ਹੋਰ ਕੁੱਝ ਨਹੀਂ ਹੋ ਸਕਦਾ-ਆਪਣੇ ਮਕਸਦ ਪੂਰਾ ਕਰਨਾ ਚਾਹੁੰਦੇ ਹਨ ਅਤੇ ਕੋਸ਼ਿਸ਼ ਕਰਦੇ ਹਨ ਮਿਸਾਲ ਕਾਇਮ ਕਰਨ ਦੀ ਸ਼ਕਤੀ ਨਾਲ ਨਵੇਂ ਸਮਾਜੀ ਉਪਦੇਸ਼ ਲਈ ਰਸਤਾ ਸਾਫ਼ ਕਰਨ।

ਆਉਣ ਵਾਲੇ ਸਮਾਜ ਦੀਆਂ ਇਹ ਵਚਿਤਰ ਖ਼ਿਆਲੀ ਤਸਵੀਰਾਂ ਉਸ ਵਕਤ ਖਿਚੀਆਂ ਗਈਆਂ ਸਨ ਜਦੋਂ ਪਰੋਲਤਾਰੀ ਅਜੇ ਬਹੁਤ ਪਛੜੀ ਹੋਈ ਹਾਲਤ ਵਿੱਚ ਸੀ ਅਤੇ ਖ਼ੁਦ ਇਸ ਦੇ ਜ਼ਿਹਨ ਵਿੱਚ ਆਪਣੀ ਹੈਸੀਅਤ ਦੇ ਬਾਰੇ ਵਚਿਤਰ ਤਰ੍ਹਾਂ ਦੇ ਖ਼ਿਆਲ ਭਰੇ ਹੋਏ ਸਨ। ਇਹ ਸਮਾਜ ਦੇ ਆਮ ਪੁਨਰ ਨਿਰਮਾਣ ਦੀਆਂ ਉਸ ਜਮਾਤ ਦੀਆਂ ਅਰੰਭਕ ਸਹਿਜ ਤਮੰਨਾਵਾਂ ਨਾਲ ਮੇਲ ਖਾਂਦੀਆਂ ਹਨ।

ਲੇਕਿਨ ਇਹਨਾਂ ਸੋਸ਼ਲਿਸਟ ਅਤੇ ਕਮਿਊਨਿਸਟ ਪ੍ਰਕਾਸ਼ਨਾਵਾਂ ਵਿੱਚ ਇਕ ਆਲੋਚਨਾਤਮਕ ਅੰਸ਼ ਵੀ ਮੌਜੂਦ ਹੈ। ਉਹ ਮੌਜੂਦਾ ਸਮਾਜ ਦੇ ਹਰ ਅਸੂਲ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੀਆਂ ਹਨ। ਲਿਹਾਜ਼ਾ ਮਜ਼ਦੂਰ ਜਮਾਤ ਦੀ ਚੇਤਨਾ ਰੌਸ਼ਨ ਕਰਨ ਲਈ ਇਹਨਾਂ ਵਿੱਚ ਨਿਹਾਇਤ ਵਡਮੁਲਾ ਮਸਾਲਾ ਭਰਿਆ ਪਿਆ ਹੈ। ਇਸ ਵਿੱਚ ਜੋ ਅਮਲੀ ਤਦਬੀਰਾਂ ਪੇਸ਼ ਕੀਤੀਆਂ ਗਈਆਂ ਹਨ-ਮਸਲਨ ਇਹ ਕਿ ਸ਼ਹਿਰ ਅਤੇ ਪਿੰਡ ਦੀ ਤਮੀਜ਼ ਦਾ, ਖ਼ਾਨਦਾਨ ਦਾ, ਵਿਅਕਤੀਆਂ ਦੇ ਜਾਤੀ ਫ਼ਾਇਦੇ ਦੇ ਲਈ ਸਨਅਤੀ ਕਾਰੋਬਾਰ ਦਾ ਅਤੇ ਉਜਰਤੀ ਨਿਜ਼ਾਮ ਦਾ ਖਾਤਮਾ, ਸਮਾਜੀ ਇੱਕਸੁਰਤਾ ਦਾ ਐਲਾਨ, ਰਿਆਸਤ ਦੇ ਕੰਮਕਾਜ਼ ਘਟਾ ਕੇ ਉਸ ਨੂੰ ਮਹਿਜ਼ ਪੈਦਾਵਾਰ ਦਾ ਨਿਗਰਾਨ ਬਣਾਉਣਾ-ਇਹ ਸਭ ਤਜਵੀਜ਼ਾਂ ਸਿਰਫ਼ ਇਹ ਦੱਸ ਰਹੀਆਂ ਹਨ ਕਿ ਜਮਾਤੀ ਵੈਰ ਵਿਰੋਧ ਨਹੀਂ ਰਹਿਣੇ। ਮਗਰ ਉਸ ਵਕਤ ਸਿਰਫ਼ ਉਹਨਾਂ ਨੇ ਅਜੇ ਉੱਭਰਨਾਸ਼ੁਰੂ ਹੀ ਕੀਤਾ ਸੀ ਅਤੇ ਇਹਨਾਂ ਪ੍ਰਕਾਸ਼ਨਾਵਾਂ ਵਿੱਚ ਉਹਨਾਂ ਨੂੰ ਬਿਲਕੁਲ ਮੁਢਲੇ ਅਨਿਖਰਵੇਂ ਅਤੇ ਅਪ੍ਰਿਭਾਸ਼ਿਤ ਰੂਪਾਂ ਵਿੱਚ ਹੀ ਪ੍ਰਵਾਨ ਕੀਤਾ ਗਿਆ ਹੈ ।।

ਆਲੋਚਨਾਤਮਕ-ਯੂਟੋਪੀਆਈ ਸੋਸ਼ਲਿਜ਼ਮ ਅਤੇ ਕਮਿਊਨਿਜ਼ਮ ਦੀ ਅਹਿਮੀਅਤ ਅਤੇ ਇਤਹਾਸਕ ਵਿਕਾਸ ਦਾ ਆਪੋ ਵਿੱਚ ਉਲਟ ਤਾਅਲੁਕ ਹੈ।ਜਿਸ ਅਨੁਪਾਤ ਨਾਲ ਆਧੁਨਿਕ ਜਮਾਤੀ ਜਦੋਜਹਿਦ ਵਿਕਾਸ ਕਰਦੀ ਹੈ ਅਤੇ ਨਿਖਰਵੀਂ ਸ਼ਕਲ ਇਖਤਿਆਰ ਕਰਦੀ ਹੈ ਉਸਦੇ ਸਮਾਨੁਪਾਤ ਇਸ ਦੀ ਬੇ ਬੁਨਿਆਦ ਅਲਹਿਦਗੀ ਅਤੇ ਉਸ ਦੀ ਬੇਸਿਰ ਪੈਰ ਮੁਖ਼ਾਲਫ਼ਤ ਆਪਣੀ ਸਾਰੀ ਅਮਲੀ ਕਦਰ ਕੀਮਤ ਅਤੇ ਸਾਰੀ ਸਿਧਾਂਤਕ ਤਰਕਸ਼ੀਲਤਾ ਗੁਆ ਲੈਂਦੀ ਹੈ। ਨਤੀਜਾ ਇਹ ਹੈ ਕਿ ਚਾਹੇ ਇਹਨਾਂ ਪ੍ਰਣਾਲੀਆਂ ਦੇ ਬਾਨੀ ਕਈ ਪੱਖਾਂ ਤੋਂ ਇਨਕਲਾਬੀ ਸਨ ਮਗਰ ਉਹਨਾਂ ਦੇ ਪੈਰੋਕਾਰਾਂ ਨੇ ਹਰ ਸੂਰਤ ਵਿੱਚ ਮਹਜ਼ ਰਜਾਤ ਪਸੰਦ ਫਿਰਕਿਆਂ ਦਾ ਹੀ ਨਿਰਮਾਣ ਕੀਤਾ। ਉਹ ਮਜ਼ਦੂਰ ਜਮਾਤ ਦੇ ਤਰੱਕੀ ਪਸੰਦ ਇਤਹਾਸਕ ਵਿਕਾਸ ਦੇ ਖਿਲਾਫ਼ ਆਪਣੇ ਉਸਤਾਦਾਂ ਦੇ ਮੌਲਿਕ ਖ਼ਿਆਲਾਂ ਨੂੰ ਚਿੰਬੜੇ ਰਹਿੰਦੇ ਹਨ। ਇਸ ਲਈ ਉਹ ਜਮਾਤੀ ਕਸ਼ਮਕਸ਼ ਨੂੰ ਖ਼ਤਮ ਕਰਨ ਅਤੇ ਜਮਾਤੀ ਵੀ ਵਿਰੋਧਾਂ ਦੀ ਸੁਲਾਹ ਕਰਾਉਣ ਦੀ ਕੋਸ਼ਿਸ਼ ਤੇ ਉਹ ਵੀ ਲਗਾਤਾਰ ਕਰਦੇ ਰਹਿੰਦੇ ਹਨ। ਉਹ ਹੁਣ ਤੱਕ ਵੀ ਆਪਣੇ ਤਜਰਬਿਆਂ ਦੇ ਜ਼ਰੀਏ ਆਪਣੇ ਸਮਾਜੀ ਯੂਟੋਪੀਆਈ ਮਨਸੂਬਿਆਂ ਨੂੰ ਪੂਰਾ ਕਰਨ ਦੇ ; ਵੱਖ ਵੱਖ " ਫ਼ਲਾਨਸਤਰ "ਕਾਇਮ ਕਰਨ ਦੇ, ਹੋਮ ਕਲੋਨੀਆਂ ਵਸਾਉਣ ਦੇ ; ਛੋਟੇ ਛੋਟੇ ਇਕੇਰੀਆ*ਕਾਇਮ ਕਰਨ ਦੇ ਖ਼ਾਬ ਦੇਖਦੇ ਹਨ ਨਵੇਂ ਯੇਰੂਸ਼ਲਮ ਦਾ ਮੁਖ਼ਤਸਰ ਨਮੂਨਾ ਬਨਾਉਣਾ ਚਾਹੁੰਦੇ ਹਨ।

[ ਫ਼ੋਰੀਏ ਨੇ ਸੋਸ਼ਲਿਸਟ ਕਲੋਨੀਆਂ ਦਾ ਮਨਸੂਬਾ ਬਣਾਇਆ ਸੀ ਜਿਨ੍ਹਾਂ ਨੂੰ ਫ਼ਲਾਨਸਤਰ ਕਿਹਾ ਜਾਂਦਾ ਸੀ। ਕਾਬੇ ਨੇ ਆਪਣੀ ਖ਼ਿਆਲੀ ਕਮਿਊਨਿਸਟ ਕਾਲੋਨੀ ਬਸਾਈ ਤਾਂ ਉਸ ਦਾ ਇਹੀ ਨਾਮ ਇਕੇਰੀਆ ਪਿਆ ਅਤੇ ਬਾਅਦ ਵਿੱਚ ਆਪਣੀ ਅਮਰੀਕੀ ਕਮਿਊਨਿਸਟ ਬਸਤੀ ਨੂੰ ਇਹ ਨਾਂ ਦਿੱਤਾ( 1888 ਦੀ ਅੰਗ੍ਰੇਜ਼ੀ ਐਡੀਸਨ ਲਈ ਏਂਗਲਜ਼ ਦਾ ਨੋਟ)। ਓਵਨ ਅਪਣੀਆਂ ਮਿਸਾਲੀ ਕਮਿਊਨਿਸਟ ਸੋਸਾਇਟੀਆਂ ਨੂੰ ਹੋਮ ਕਲੋਨੀਆਂ ਕਹਿੰਦਾ ਸੀ। ਫ਼ੋਰੀਏ ਨੇ ਅਵਾਮੀ ਮਹਿਲਾਂ ਦਾ ਮਨਸੂਬਾ

ਬਣਾਇਆ ਸੀ। ਉਨ੍ਹਾਂ ਦਾ ਨਾਮ ਫ਼ਲਾਨਸਤਰ ਸੀ। ਅਤੇ ਖ਼ਾਬ ਖ਼ਿਆਲੀ ਉਹ ਯੂਟੋਪੀਆਈ ਦੁਨੀਆ ਜਿਸ ਦੇ ਕਮਿਊਨਿਸਟ ਅਦਾਰਿਆਂ ਦੀ ਤਸਵੀਰ ਕਾਬੇ ਨੇ ਉਲੀਕੀ ਉਸ ਨੂੰ ਇਕੇਰੀਆ ਕਿਹਾ ਜਾਂਦਾ ਸੀ (1890 ਦੀ ਜਰਮਨ ਐਡੀਸਨ ਲਈ ਏਂਗਲਜ਼ ਦਾ ਨੋਟ)।]

ਅਤੇ ਇਹਨਾਂ ਤਮਾਮ ਹਵਾਈ ਕਿਲਿਆਂ ਦੀ ਉਸਾਰੀ ਦੇ ਲਈ ਮਜਬੂਰ ਹੁੰਦੇ ਹਨ ਕਿ ਬੁਰਜ਼ੁਆਜ਼ੀ ਦੇ ਜਜ਼ਬਾਤ ਨੂੰ ਅਪੀਲਾਂ ਕਰਨ ਅਤੇ ਉਸ ਦੇ ਥੈਲੀ ਸ਼ਾਹਾਂ ਦੇ ਸਾਹਮਣੇ ਹੱਥ ਫੈਲਾਉਣ। ਇਸ ਤਰ੍ਹਾਂ ਰਫ਼ਤਾ ਰਫ਼ਤਾ ਉਹ ਵੀ ਇਸ ਰਜਾਤ ਪਸੰਦ ਜਾਂ ਰੂੜ੍ਹੀਵਾਦੀ ਸੋਸ਼ਲਿਸਟਾਂ ਦੇ ਜ਼ੁਮਰੇ ਵਿੱਚ ਜਾ ਮਿਲਦੇ ਹਨ ਜਿਹਨਾਂ ਦੀ ਤਸਵੀਰ ਉਪਰ ਉਲੀਕੀ ਗਈ ਹੈ। ਫਰਕ ਸਿਰਫ਼ ਇਹ ਹੁੰਦਾ ਹੈ ਕਿ ਇਹ ਲੋਕ ਅਪਣੀ ਬਾਕਾਇਦਾ ਕਿਤਾਬ ਪ੍ਰਸਤੀ ਅਤੇ ਅਪਣੀ ਸਮਾਜੀ ਸਾਇੰਸ ਦੇ ਕਰਾਮਾਤੀ ਅਸਰ ਤੇ ਈਮਾਨ ਰੱਖਦੇ ਹਨ ਜੋ ਜ਼ਨੂਨ ਅਤੇ ਵਹਿਮਪ੍ਰਸਤੀ ਦੀ ਹੱਦ ਤੱਕ ਜਾ ਅੱਪੜਿਆ ਹੈ। ਇਸ ਲਈ ਉਹ ਮਜ਼ਦੂਰ ਜਮਾਤ ਦੀ ਹਰ ਕਾਰਵਾਈ ਦੀ ਸ਼ਿਦਤ ਨਾਲ ਮੁਖ਼ਾਲਫ਼ਤ ਕਰਦੇ ਹਨ। ਉਹਨਾਂ ਦੇ ਖ਼ਿਆਲ ਵਿੱਚ ਸਮਾਜੀ ਕਾਰਵਾਈ ਦਾ ਰਸਤਾ ਉਹੀ ਲੋਕ ਇਖ਼ਤਿਆਰ ਕਰ ਸਕਦੇ ਹਨ ਜੋ ਤਾਅਸੁਬ ਨਾਲ ਅੰਨ੍ਹੇਂ ਹੋ ਕੇ ਉਹਨਾਂ ਦੀ ਨਵੀਂ ਅੰਜੀਲ ਨੂੰ ਮੰਨਣ ਤੋਂ ਮੁਨਕਰ ਹੋ ਜਾਣ। ਇਸ ਲਈ ਇੰਗਲਿਸਤਾਨ ਵਿੱਚ ਓਵਨਵਾਦੀ ਚਾਰਟਿਸਟਾਂ ਦੀ ਅਤੇ ਫ਼ਰਾਂਸ ਵਿੱਚ ਫ਼ੋਰੀਏ ਦੇ ਨਾਮ ਲੇਵਾ ਰਿਫਾਰਮਿਸਟਾਂ ਦੀ ਮੁਖ਼ਾਲਫ਼ਤ ਕਰਦੇ ਹਨ।

# IV. ਦੂਜੀਆਂ ਮੁਖ਼ਾਲਿਫ਼ ਪਾਰਟੀਆਂ ਦੇ ਸੰਬੰਧ ਵਿੱਚ ਕਮਿਊਨਿਸਟਾਂ ਦੀ ਪੁਜੀਸ਼ਨ

ਦੂਜੇ ਭਾਗ ਵਿੱਚ ਵਜ਼ਾਹਤ ਕੀਤੀ ਜਾ ਚੁੱਕੀ ਹੈ ਕਿ ਮਜ਼ਦੂਰ ਜਮਾਤੀ ਦੀਆਂ ਮੌਜੂਦਾ ਪਾਰਟੀਆਂ ਨਾਲ ਜਿਵੇਂ ਇੰਗਲਿਸਤਾਨ ਵਿੱਚ ਚਾਰਟਿਸਟਾਂ ਅਤੇ ਉਤਰੀ ਅਮਰੀਕਾ ਵਿੱਚ ਜ਼ਰਈ ਸੁਧਾਰਕਾਂ ਨਾਲ ਕਮਿਊਨਿਸਟਾਂ ਦੇ ਤਾਲੁਕਾਤ ਕੀ ਹਨ।

ਕਮਿਊਨਿਸਟ ਜਦੋਜਹਿਦ ਇਸ ਲਈ ਕਰਦੇ ਹਨ ਕਿ ਮਜ਼ਦੂਰ ਜਮਾਤ ਦੇ ਫ਼ੌਰੀ ਮਕਸਦ ਹਾਸਲ ਹੋਣ , ਇਸ ਦੇ ਆਰਜ਼ੀ ਮੁਫ਼ਾਦ ਪੂਰੇ ਕੀਤੇ ਜਾ ਸਕਣ। ਲੇਕਿਨ ਹਾਲ ਦੀ ਤਹਿਰੀਕ ਵਿੱਚ ਉਹ ਇਸ ਤਹਿਰੀਕ ਦੇ ਭਵਿਖ ਦੀ ਵੀ ਤਰਜਮਾਨੀ ਕਰਦੇ ਹਨ ਅਤੇ ਉਸ ਦਾ ਧਿਆਨ ਰੱਖਦੇ ਹਨ। ਫ਼ਰਾਂਸ ਵਿੱਚ ਕਮਿਊਨਿਸਟ ਰੂੜ੍ਹੀਵਾਦੀ ਅਤੇ ਰੈਡੀਕਲ ਬੁਰਜ਼ੁਆਜ਼ੀ ਦੇ ਖਿਲਾਫ ਸੋਸ਼ਲ ਡੀਮੋਕਰੇਟਾਂ ਨਾਲ ਏਕਾ ਕਰਦੇ ਹਨ।ਮਗਰ ਇਨਕਲਾਬ ਫ਼ਰਾਂਸ ਤੋਂ ਪਰੰਪਰਾਗਤ ਤੌਰ ਤੇ ਮਿਲੀ ਲਫ਼ਾਜੀ ਅਤੇ ਭਰਮਾਂ ਦੇ ਬਾਰੇ ਆਲੋਚਨਾਤਮਕ ਪੁਜੀਸ਼ਨ ਲੈਣ ਦਾ ਹੱਕ ਉਹਨਾਂ ਨੇ ਨਹੀਂ ਛਡਿਆ।

[ਇਸ ਪਾਰਟੀ ਦੀ ਨੁਮਾਇੰਦਗੀ ਉਸ ਸਮੇਂ ਪਾਰਲੀਮੈਂਟ ਵਿੱਚ ਲੀਦਰਿਊ-ਰੋਲੇਂ , ਸਾਹਿਤ ਵਿੱਚ ਲੂਈ ਬਲਾਂ , ਰੋਜ਼ਾਨਾ ਅਖ਼ਬਾਰਾ ਵਿੱਚ 'reforme' ਕਰਦੇ ਸਨ। ਉਹਨਾਂ ਲੋਕਾਂ ਲਈ ਸੋਸ਼ਲ ਡੈਮੋਕਰੇਸੀ ਦੇ ਲਫ਼ਜ਼ ਦਾ ਮਤਲਬ ਡੈਮੋਕਰੇਟਿਕ ਜਾਂ ਰਿਪਬਲਿਕਨ ਪਾਰਟੀ ਦਾ ਉਹ ਹਿੱਸਾ ਸੀ ਜਿਸ ਤੇ ਸੋਸ਼ਲਿਜ਼ਮ ਦਾ ਘੱਟ ਜਾਂ ਵਧ ਕੁੱਝ ਅਸਰ ਸੀ (1888ਦੀ ਅੰਗ੍ਰੇਜ਼ੀ ਐਡੀਸਨ ਲਈ ਏਂਗਲਜ਼ ਦਾ ਨੋਟ)। ਫ਼ਰਾਂਸ ਵਿੱਚ ਇਸ ਦਿਨਾਂ ਜੋ ਪਾਰਟੀ ਆਪਣੇ ਤੁਹਾਨੂੰ ਸੋਸ਼ਲ ਡੈਮੋਕਰੇਟਿਕ ਕਹਿੰਦੀ ਸੀ , ਉਸ ਦੇ ਨੁਮਾਇੰਦੇ ਸਿਆਸੀ ਜਿੰਦਗੀ ਵਿੱਚ ਲੀਦਰਿਊ - ਰੋਲੇਂ , ਸਾਹਿਤ ਵਿੱਚ ਲੂਈ ਬਲਾਂ ਕਰਦੇ ਸਨ। ਇਸ ਲਈ ਉਹ ਮੌਜੂਦਾ ਜ਼ਮਾਨੇ ਦੀ ਜਰਮਨ ਸੋਸ਼ਲ ਡੈਮੋਕਰੇਸੀ ਤੋਂ ਬਹੁਤ ਮੁਖ਼ਤਲਿਫ਼ ਸੀ(1890ਦੀ ਜਰਮਨ ਐਡੀਸਨ ਲਈ ਏਂਗਲਜ਼ ਦਾ ਨੋਟ)।]

ਸਵਿਟਜ਼ਰਲੈਂਡ ਵਿੱਚ ਉਹ ਰੈਡੀਕਲ ਪਾਰਟੀ ਦੀ ਮਦਦ ਕਰਦੇ ਹਨ। ਮਗਰ ਇਸ ਹਕੀਕਤ ਤੋਂ ਆਖਾਂ ਨਹੀਂ ਮੀਚਦੇ ਕਿ ਇਹ ਪਾਰਟੀ ਵਿਰੋਧੀ ਅੰਸ਼ਾਂ ਤੋਂ ਮਿਲ ਕੇ ਬਣੀ ਹੈ ਜਿਸ ਵਿੱਚ ਕੁੱਝ ਤਾਂ ਫ਼ਰਾਂਸੀਸੀ ਕਿਸਮ ਦੇ ਜਮਹੂਰੀ ਸੋਸ਼ਲਿਸਟ ਹਨ ਅਤੇ ਕੁੱਝ ਰੈਡੀਕਲ ਬੁਰਜ਼ੁਆ।

ਪੋਲੈਂਡ ਵਿੱਚ ਉਹ ਉਸ ਪਾਰਟੀ ਦੀ ਮਦਦ ਕਰਦੇ ਹਨ ਜੋ ਜ਼ਰਈ ਇਨਕਲਾਬ ਤੇ ਜ਼ੋਰ ਦਿੰਦੀ ਹੈ ਕਿ ਇਹੀ ਕੌਮੀ ਨਜਾਤ ਦੀ ਪਹਿਲੀ ਸ਼ਰਤ ਹੈ। 1846ਵਿੱਚ ਇਸ ਪਾਰਟੀ ਨੇ ਕਰਾਕਫ਼ ਵਿੱਚ ਬਗਾਵਤ ਦੀ ਅੱਗ ਭੜਕਾਈ ਸੀ।

ਜਰਮਨੀ ਵਿੱਚ ਬੁਰਜ਼ੁਆ ਜਮਾਤ ਜਦੋਂ ਕਦੇ ਕਿਸੇ ਇਨਕਲਾਬੀ ਰਸਤੇ ਤੇ ਕਦਮ ਰੱਖਦੀ ਹੈ ਅਤੇ ਨਿਰੰਕੁਸ਼ ਬਾਦਸ਼ਾਹੀ , ਜਾਗੀਰਦਾਰ ਜ਼ਮੀਨਦਾਰੀ ਅਤੇ ਪੈਟੀ ਬੁਰਜ਼ੁਆਜ਼ੀ ਦੇ ਖਿਲਾਫ ਇਨਕਲਾਬੀ ਕਾਰਵਾਈ ਕਰਦੀ ਹੈ ਤਾਂ ਕਮਿਊਨਿਸਟ ਉਸ ਦੇ ਨਾਲ ਮਿਲ ਕੇ ਲੜਦੇ ਹਨ।

ਲੇਕਿਨ ਇਕ ਲਮਹੇ ਦੇ ਲਈ ਵੀ ਉਹ ਬੁਰਜ਼ੁਆ ਅਤੇ ਪਰੋਲਤਾਰੀ ਦੀ ਬੁਨਿਆਦੀ ਦੁਸ਼ਮਣੀ ਦਾ ਖ਼ਿਆਲ ਨਿਹਾਇਤ ਸਪਸ਼ਟਤਾ ਦੇ ਨਾਲ ਮਜ਼ਦੂਰ ਜਮਾਤ ਦੇ ਦਿਲ ਵਿੱਚ ਬਠਾਉਣਾ ਬੰਦ ਨਹੀਂ ਕਰਦੇ ਤਾਂ ਕਿ ਜਦੋਂ ਵਕਤ ਆਏ ਤਾਂ ਜਰਮਨ ਮਜ਼ਦੂਰ ਇਸ ਸਮਾਜੀ ਅਤੇ ਸਿਆਸੀ ਹਾਲਾਤ ਨੂੰ ਜਿਸ ਨੂੰ ਬੁਰਜ਼ੁਆ ਜਮਾਤ ਆਪਣੇ ਗਲਬੇ ਦੇ ਨਾਲ ਨਾਲ ਲਾਜ਼ਮੀ ਕਾਇਮ ਕਰੇਗੀ , ਖ਼ੁਦ ਬੁਰਜ਼ੁਆ ਜਮਾਤ ਦੇ ਖਿਲਾਫ ਕਈ ਹਥਿਆਰ ਬਣਾ ਕੇ ਇਸਤੇਮਾਲ ਕਰਨ ਅਤੇ ਜਰਮਨੀ ਵਿੱਚ ਰਜਾਤ ਪਸੰਦ ਜਮਾਤਾਂ ਦੇ ਖਾਤਮੇ ਦੇ ਬਾਅਦ ਖ਼ੁਦ ਬੁਰਜ਼ੁਆ ਜਮਾਤ ਦੇ ਖਿਲਾਫ ਲੜਾਈ ਫ਼ੌਰਨ ਸ਼ੁਰੂ ਕਰ ਦਿੱਤੀ ਜਾਵੇ।

ਕਮਿਊਨਿਸਟਾਂ ਦੀ ਨਜ਼ਰ ਸਭ ਤੋਂ ਜ਼ਿਆਦਾ ਜਰਮਨੀ ਤੇ ਲੱਗੀ ਹੋਈ ਹੈ। ਕਿਉਂਕਿ ਇਸ ਮੁਲਕ ਵਿੱਚ ਬੁਰਜ਼ੁਆ ਇਨਕਲਾਬ ਦੀ ਘੜੀ ਆ ਪਹੁੰਚੀ ਹੈ ਅਤੇ ਇਹ ਇਨਕਲਾਬ ਲਾਜ਼ਮੀ ਯੂਰਪੀ ਤਹਿਜ਼ੀਬ ਦੀਆਂ ਬਹੁਤ ਜ਼ਿਆਦਾ ਤਰਕੀ ਯਾਫ਼ਤਾ ਹਾਲਤਾਂ ਵਿੱਚ ਅਤੇ ਇਕ ਅਜਿਹੇ ਪਰੋਲਤਾਰੀ ਦੇ ਨਾਲ ਹੋਵੇਗਾ ਜੋ ਸਤਾਰਵੀਂ ਸਦੀ ਦੇ ਇੰਗਲੈਂਡ ਅਤੇ ਅਠਾਰਵੀਂ ਸਦੀ ਦੇ ਫ਼ਰਾਂਸ ਦੇ ਪਰੋਲਤਾਰੀ ਦੇ ਮੁਕਾਬਲੇ ਬਹੁਤ ਅੱਗੇ ਵਧ ਚੁਕਾ ਹੈ। ਅਤੇ ਦੂਜੇ ਇਸ ਲਈ ਵੀ ਕਿ ਜਰਮਨੀ ਵਿੱਚ ਬੁਰਜ਼ੁਆ ਇਨਕਲਾਬ ਆਪਣੇ ਫੌਰਨ ਬਾਅਦ ਆਉਣ ਵਾਲੇ ਪ੍ਰੋਲਤਾਰੀ ਇਨਕਲਾਬ ਦੀ ਭੂਮਿਕਾ ਸਾਬਤ ਹੋਵੇਗਾ ।

ਮੁਖ਼ਤਸਰ ਇਹ ਕਿ ਕਮਿਉਨਿਸਟ ਹਰ ਜਗ੍ਹਾ ਮੌਜੂਦ ਸਮਾਜੀ ਅਤੇ ਸਿਆਸੀ ਨਿਜ਼ਾਮ ਦੇ ਖ਼ਿਲਾਫ਼ ਹਰ ਇਨਕਲਾਬੀ ਤਹਿਰੀਕ ਦੀ ਮਦਦ ਕਰਦੇ ਹਨ।

ਉਹ ਇਹਨਾਂ ਸਾਰੀਆਂ ਤਹਿਰੀਕਾਂ ਵਿੱਚ ਹਰੇਕ ਦੇ ਮੋਹਰੀ ਸਵਾਲ, ਯਾਨੀ ਮਲਕੀਅਤ ਦੇ ਸਵਾਲ, ਨੂੰ ਸਾਹਮਣੇ ਲਿਆਉਂਦੇ ਹਨ ਚਾਹੇ ਉਹ ਤਹਿਰੀਕ ਉਸ ਵਕਤ ਕਿਸੇ ਵੀ ਮਰਹਲੇ ਵਿੱਚ ਕਿਉਂ ਨਾ ਹੋਵੇ ।

ਅਤੇ ਸਭ ਤੋਂ ਆਖ਼ਿਰ ਵਿੱਚ ਇਹ ਕਿ ਕਮਿਉਨਿਸਟ ਹਮੇਸ਼ਾ ਤਮਾਮ ਮੁਲਕਾਂ ਦੀਆਂ ਜਮਹੂਰੀ ਪਾਰਟੀਆਂ ਵਿੱਚ ਏਕਾ ਅਤੇ ਸਮਝੌਤਾ ਕਾਇਮ ਕਰਨ ਲਈ ਕੋਸ਼ਿਸ਼ ਕਰਦੇ ਹਨ।

ਆਪਣੇ ਖ਼ਿਆਲ ਅਤੇ ਮਕਸਦ ਛੁਪਾਉਣਾ ਕਮਿਊਨਿਸਟ ਅਪਣੀ ਸ਼ਾਨ ਦੇ ਖ਼ਿਲਾਫ਼ ਸਮਝਦੇ ਹਨ। ਉਹ ਖੁਲੇਆਮ ਐਲਾਨ ਕਰਦੇ ਹਨ ਕਿ ਉਹਨਾਂ ਦਾ ਅਸਲੀ ਮਕਸਦ ਤਦ ਹੀ ਪੂਰਾ ਹੋ ਸਕਦਾ ਹੈ ਜਦੋਂ ਮੌਜੂਦਾ ਸਮਾਜੀ ਨਿਜ਼ਾਮ ਦਾ ਤਖ਼ਤਾ ਜਬਰਦਸਤੀ ਉਲਟਾ ਦਿੱਤਾ ਜਾਏਗਾ ।। ਮਜ਼ਦੂਰਾਂ ਕੋਲ ਆਪਣੀਆਂ ਜੰਜੀਰਾਂ ਦੇ ਸਿਵਾ ਗੁਆਉਣ ਵਾਸਤੇ ਕੁਝ ਨਹੀਂ ਹੈ ਅਤੇ ਜਿਤਣ ਵਾਸਤੇ ਸਾਰੀ ਦੁਨੀਆ ਪਈ ਹੈ।

# ਦੁਨੀਆ ਭਰ ਦੇ ਮਜ਼ਦੂਰੋ , ਇਕ ਹੋ ਜਾਓ !